ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind Weekly

Vol. 15 Issue 30 Thursday, 16 April 2020 www.PUNJABIDUNIYA.com Published Weekly from New York

Thinking of Buying/Selling
WINZONE
Baldev Singh
Associate Broker
Cell : 917-224-7395
See Full Page Advt on Page 23





# ਅਮਰੀਕਾ ਨੂੰ ਜਲਦ ਦੁਬਾਰਾ ਖੋਲ੍ਹ ਰਹੇ ਹਾਂ-ਟਰੰਪ

ਸਿਆਟਲ/ਕੈਲੀਫੋਰਨੀਆ : ਕੋਰੋਨਾ ਵਾਇਰਸ ਅਮਰੀਕਾ 'ਚ ਇਸ ਵੇਲੇ ਪੂਰੀ ਰਫ਼ਤਾਰ ਨਾਲ ਆਪਣੇ ਪੈਰ ਪਸਾਰ ਰਿਹਾ ਹੈ ।ਭਾਵੇਂ ਅਮਰੀਕਾ ਸਰਕਾਰ ਵੀ ਪੂਰੀ ਤੇਜ਼ੀ ਨਾਲ ਇਸ ਨੂੰ ਅੱਗੇ ਵਧਣ ਤੋਂ ਰੋਕਣ ਲਈ ਹਰ ਹੀਲਾ ਵਰਤ ਰਹੀ ਹੈ ।ਸਮਾਜਿਕ ਦੂਰੀ ਦਾ ਵੀ ਖ਼ਿਆਲ ਰੱਖਿਆ ਜਾ ਰਿਹਾ ਹੈ ਪਰ ਮੌਤਾਂ ਦਾ ਅੰਕੜਾ ਤੇ ਮਰੀਜ਼ਾਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵਧਦੀ ਜਾ ਰਹੀ ਹੈ ।ਅੱਜ ਅਮਰੀਕਾ 'ਚ ਕੋਰੋਨਾ ਵਾਇਰਸ ਨਾਲ ਮਰਨ ਵਾਲਿਆਂ ਦੀ ਗਿਣਤੀ 23,644 ਤੱਕ ਪੁੱਜ ਗਈ ਤੇ ਮਰੀਜ਼ਾਂ ਦੀ ਗਿਣਤੀ 5,87,155 ਹੋ ਗਈ ਹੈ । ਉੱਧਰ ਅੱਜ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਈਟ ਹਾਊਸ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਅਮਰੀਕਾ ਨੂੰ ਦੁਬਾਰਾ ਖੋਲ੍ਹਣ ਦੇ ਬਹੁਤ ਨੇੜੇ ਹਨ ।ਉਨ੍ਹਾਂ ਕਿਹਾ ਕਿ 30 ਅਪ੍ਰੈਲ ਤੱਕ 'ਸਟੇਅ ਐਟ ਹੋਮ' ਰਹਿਣ ਦੇ ਨਿਰਦੇਸ਼ਾਂ ਤਹਿਤ ਦੇਸ਼ ਦੀ 33 ਕਰੋੜ ਆਬਾਦੀ 'ਚੋਂ 90 ਫ਼ੀਸਦੀ ਤੋਂ ਜ਼ਿਆਦਾ ਲੋਕ ਘਰਾਂ 'ਚ ਹਨ ।ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਉਹ ਆਪਣੀ ਟੀਮ ਨਾਲ ਅਤੇ ਚੋਟੀ ਦੇ ਮਾਹਿਰਾਂ ਨਾਲ ਗੱਲਬਾਤ ਕਰ ਰਹੇ ਹਨ ਤਾਂ ਕਿ ਪੂਰੀ ਯੋਜਨਾ ਨਾਲ ਅਮਰੀਕਾ ਨੂੰ ਦੁਬਾਰਾ ਖੋਲ੍ਹਿਆ ਜਾ ਸਕੇ ।ਉਨ੍ਹਾਂ ਕਿਹਾ ਕਿ ਸਾਡਾ ਪ੍ਰਸ਼ਾਸਨ ਜਲਦੀ ਸੂਬਿਆਂ ਦੇ ਗਵਰਨਰਾਂ ਨੂੰ ਮਹੱਤਵਪੂਰਨ ਦਿਸ਼ਾ-ਨਿਰਦੇਸ਼ ਦੇਣ ਜਾ ਰਿਹਾ ਹੈ ਤਾਂ ਜੋ ਉਹ ਸੁਰੱਖਿਅਤ ਢੰਗ ਨਾਲ ਆਪਣੇ ਸੂਬਿਆਂ ਨੂੰ ਖੋਲ੍ਹ ਸਕਣ । ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਮੇਰੇ ਪ੍ਰਸ਼ਾਸਨ ਦੀ ਯੋਜਨਾ ਹੈ ਕਿ ਅਮਰੀਕੀ ਲੋਕ ਮੁੜ ਆਮ ਜ਼ਿੰਦਗੀ 'ਚ ਜਲਦੀ ਵਾਪਸ ਆ ਜਾਣ ਤੇ ਉਹ ਵੀ ਸੁਰੱਖਿਅਤ ਤਰੀਕੇ ਨਾਲ ।ਉਨ੍ਹਾਂ ਕਿਹਾ ਕਿ ਕੋਰੋਨਾ ਵਾਇਰਸ ਨਾਲ ਦੇਸ਼ ਦੀ ਆਰਥਿਕਤਾ 'ਤੇ ਬਹੁਤ ਵਿਨਾਸ਼ਕਾਰੀ ਅਸਰ ਪਿਆ ਹੈ ।ਲੋਕਾਂ ਦੇ ਵਪਾਰ ਬੰਦ ਹੋ ਗਏ ਹਨ ।ਲੱਖਾਂ ਲੋਕਾਂ ਦੀਆਂ ਨੌਕਰੀਆਂ ਖ਼ਤਮ ਹੋ ਚੁੱਕੀਆਂ ਹਨ ।ਸੈਰ-ਸਪਾਟਾ ਸਨਅਤ ਠੱਪ ਹੋ ਕੇ ਰਹਿ ਗਈ ਹੈ ।ਖ਼ਜ਼ਾਨਾ ਸਕੱਤਰ ਸਟੀਵਨ ਮਨੂਚਿਨ ਨੇ ਕਿਹਾ ਕਿ ਉਨ੍ਹਾਂ ਨੇ ਅਤੇ ਰਾਸ਼ਟਰਪਤੀ ਟਰੰਪ ਨੇ 100 ਤੋਂ ਵੱਧ ਵੱਡੇ ਕਾਰੋਬਾਰੀ ਉਨ੍ਹਾਂ ਨੂੰ ਸਲਾਹ ਦੇਣ 'ਚ ਸਹਾਇਤਾ ਕਰ ਰਹੇ ਹਨ ਕਿ ਆਰਥਿਕਤਾ ਨੂੰ ਮੁੜ ਖੋਲ੍ਹਣ ਲਈ ਕੀ ਕਰਨ ਦੀ ਲੋੜ ਹੈ ।ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਛੋਟੇ ਕਾਰੋਬਾਰਾਂ ਦੀਆਂ ਅਦਾਇਗੀਆਂ, ਵਧੀ ਹੋਈ ਬੇਰੁਜ਼ਗਾਰੀ ਤੇ ਬਾਕੀ ਕਾਰੋਬਾਰਾਂ ਬਾਰੇ ਮਜ਼ਬੂਤ ਯੋਜਨਾ ਬਣਾਈ ਜਾਵੇ ।ਉਨ੍ਹਾਂ ਕਿਹਾ ਕਿ ਮਿਹਨਤੀ ਅਮਰੀਕੀ ਲੋਕਾਂ 'ਚ ਪੂਰਾ ਜਜ਼ਬਾ ਹੈ ਅਤੇ ਉਹ ਦੁਬਾਰਾ ਆਮ ਵਾਂਗ ਕੰਮ ਕਰਨ ਲਈ ਕਾਹਲੇ ਹਨ ।ਉਨ੍ਹਾਂ ਕਿਹਾ ਕਿ ਵੈਕਸਿੰਗ 'ਤੇ ਵੀ ਬਹੁਤ ਤੇਜ਼ੀ ਨਾਲ ਦਿਨ ਰਾਤ ਕੰਮ ਹੋ ਰਿਹਾ ਹੈ ।ਰਾਸ਼ਟਰਪਤੀ ਟਰੰਪ ਇਸ ਹਫ਼ਤੇ ਦੇ ਅਖੀਰ ਤੱਕ ਇਹ ਫ਼ੈਸਲਾ ਲੈ ਸਕਦੇ ਹਨ ਕਿ ਆਰਥਿਕਤਾ ਨੂੰ ਇਕ ਮਈ ਤੱਕ ਦੁਬਾਰਾ ਖੋਲ੍ਹਣਾ ਸੰਭਵ ਹੈ ਜਾਂ ਨਹੀਂ।

**ਮਿਲ ਕੇ ਕਰਾਂਗੇ ਅਮਰੀਕਾ ਨੂੰ ਮੁੜ ਖੋਲ੍ਹਣ ਦਾ ਫ਼ੈਸਲਾ-ਜੇ ਇਨਸਲੀ**

ਇਸੇ ਦਰਮਿਆਨ ਰਾਸ਼ਟਰਪਤੀ ਟਰੰਪ ਦੇ ਬਿਆਨ ਤੋਂ ਕੁਝ ਘੰਟਿਆਂ ਦੇ ਅੰਦਰ ਹੀ ਵਾਸ਼ਿੰਗਟਨ ਸਟੇਟ ਦੇ ਗਵਰਨਰ ਜੇ ਇਨਸਲੀ, ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਜੋਮ ਤੇ ਓਰੀਗਨ ਸਟੇਟ ਦੇ ਗਵਰਨਰ ਕੇਟਬ੍ਰਾਨ ਨੇ ਇਕ ਸਾਂਝੇ ਬਿਆਨ 'ਚ ਕਿਹਾ ਕਿ ਅਸੀਂ ਮਿਲ ਕੇ ਇਹ ਫ਼ੈਸਲਾ ਕਰਾਂਗੇ ਕਿ ਅਸੀਂ ਆਪਣੀ ਆਰਥਿਕਤਾ ਨੂੰ ਦੁਬਾਰਾ ਸ਼ੁਰੂ ਕਰਨ ਲਈ ਕਦੋਂ ਅਤੇ ਕੀ ਫ਼ੈਸਲਾ ਕਰਨਾ ਹੈ ਜੋ ਲੋਕਾਂ ਦੇ ਹਿਤ ਵਿਚ ਹੋਵੇ ।ਉਨ੍ਹਾਂ ਕਿਹਾ ਕਿ ਕੋਰੋਨਾ ਵਾਇਰਸ ਨਾਲ ਪੀੜਤ ਅਮਰੀਕੀਆਂ ਨੂੰ ਜਲਦੀ ਤੋਂ ਜਲਦੀ ਖੋਲ੍ਹਣ ਲਈ ਟਰੰਪ ਬੇਚੈਨ ਹੋ ਜਾਂਦੇ ਹਨ, ਜਦੋਂ ਕਿ ਇਹ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਜੁੜਿਆ ਮਸਲਾ ਹੈ ਜੋ ਬੜੀ ਸਮਝਦਾਰੀ ਨਾਲ ਕਰਨਾ ਪਵੇਗਾ ।ਗਵਰਨਰ ਜੇ ਇਨਸਲੀ ਨੇ ਕਿਹਾ ਕਿ ਸਾਡੇ ਕੋਲ ਅਧਿਕਾਰ ਹੈ ਕਿ ਅਸੀਂ ਕਾਨੂੰਨ ਅਨੁਸਾਰ ਸਾਰੇ ਫ਼ੈਸਲੇ ਲੈ ਸਕਦੇ ਹਾਂ । ਉਨ੍ਹਾਂ ਕਿਹਾ ਕਿ ਸਿਹਤ ਸੇਵਾਵਾਂ ਬਾਰੇ ਫ਼ੈਸਲੇ ਦਾ ਅਧਿਕਾਰ ਸੂਬਿਆਂ ਦੇ ਗਵਰਨਰਾਂ ਕੋਲ ਹੈ ।ਉਨ੍ਹਾਂ ਕਿਹਾ ਕਿ ਜਲਦਬਾਜ਼ੀ 'ਚ ਕੀਤਾ ਫ਼ੈਸਲਾ ਨੁਕਸਾਨ ਵੀ ਕਰ ਸਕਦਾ ਹੈ ।

Home Business Auto
Insurance
See Full Page Advt on page 16
NLIGHT
INSURANCE
(A Division of Nlight Financial LLC)
Call : 917-612-3158

# NYC ਵਿੱਚ ਰਹਿੰਦੇ ਹੋ?



## ਹਾਂ, ਤੁਸੀਂ ਜਨ-ਗਣਨਾ ਭਰੋ।

**ਜਿੰਨੇ ਜ਼ਿਆਦਾ ਨਿਊ ਯਾਰਕ ਵਾਸੀ** ਜਨ-ਗਣਨਾ ਭਰਦੇ ਹਨ, ਉਂਨਾ **ਜ਼ਿਆਦਾ ਪੈਸਾ** ਅਸੀਂ ਹੇਠ ਲਿਖੇ ਲਈ ਪ੍ਰਾਪਤ ਕਰਦੇ ਹਾਂ:

- ਸਕੂਲਾਂ
- ਨਿਵਾਸ
- ਸੀਨੀਅਰ ਸੈਂਟਰ
- ਨੌਕਰੀਆਂ
- ਸੜਕਾਂ ਅਤੇ ਪੁੱਲਾਂ
- ਹਸਪਤਾਲਾਂ

**ਆਵਾਸ ਜਾਂ ਨਾਗਰਿਕਤਾ ਲਈ ਕੋਈ ਸਵਾਲ ਨਹੀਂ ਹਨ**

## ਜਨ-ਗਣਨਾ ਸੌਖੀ ਅਤੇ ਸੁਰੱਖਿਅਤ ਹੈ

**ਹੁਣੇ ਇਸ ਨੂੰ My2020census.gov 'ਤੇ ਭਰੋ ਜਾਂ 1-844-330-2020 'ਤੇ (ਅੰਗਰੇਜੀ ਵਿੱਚ) ਕਾਲ ਕਰੋ।**

ਬੱਸ 10 ਸਵਾਲ:

- ਔਨਲਾਈਨ ਭਰੋ
- ਫ਼ੋਨ ਦੁਆਰਾ
- ਈਮੇਲ ਦੁਆਰਾ

ਇਸ ਬਾਰੇ ਕੋਈ ਸਵਾਲ ਨਹੀਂ:

- ਆਵਾਸ
- ਨਾਗਰਿਕਤਾ
- ਤੁਹਾਡੀ ਨੌਕਰੀ
- ਸਮਾਜਕ ਸੁਰੱਖਿਆ ਨੰਬਰ

ਕਾਨੂੰਨ ਦੁਆਰਾ, ਤੁਹਾਡੇ ਜਵਾਬ ਸਾਂਝੇ ਨਹੀਂ ਕੀਤੇ ਜਾ ਸਕਦੇ:

- ICE ਦੇ ਨਾਲ ਨਹੀਂ
- ਪੁਲਿਸ ਦੇ ਨਾਲ ਨਹੀਂ
- ਮਕਾਨ-ਮਾਲਕ ਦੇ ਨਾਲ ਨਹੀਂ
- ਕਿਸੇ ਦੇ ਨਾਲ ਵੀ ਨਹੀਂ

#GetCountedNYC

NYC Bill de Blasio Mayor | CENSUS 2020 Julie Menin Director







THE PRESIDENT'S **CORONAVIRUS GUIDELINES** FOR AMERICA

# 30 DAYS TO SLOW THE SPREAD

Listen to and follow the directions of your **STATE AND LOCAL AUTHORITIES.**

**IF YOU FEEL SICK,** stay home. Do not go to work. Contact your medical provider.

**IF YOUR CHILDREN ARE SICK,** keep them at home. Do not send them to school. Contact your medical provider.

**IF SOMEONE IN YOUR HOUSEHOLD HAS TESTED POSITIVE** for the coronavirus, keep the entire household at home. Do not go to work. Do not go to school. Contact your medical provider.

**IF YOU ARE AN OLDER PERSON,** stay home and away from other people.

**IF YOU ARE A PERSON WITH A SERIOUS UNDERLYING HEALTH CONDITION** that can put you at increased risk (for example, a condition that impairs your lung or heart function or weakens your immune system), stay home and away from other people.

THE WHITE HOUSE CDC

For more information, please visit
**CORONAVIRUS.GOV**


STOP THE SPREAD OF GERMS
Help prevent the spread of respiratory diseases like COVID-19.
Avoid close contact with people who are sick.
Cover your cough or sneeze with a tissue, then throw the tissue in the trash.
Avoid touching your eyes, nose, and mouth.
Clean and disinfect frequently touched objects and surfaces.
Stay home when you are sick, except to get medical care.
Wash your hands often with soap and water for at least 20 seconds.
CDC
cdc.gov/COVID19
314915-A March 16, 2020 1:02 PM

# ਕੋਰੋਨਾ ਦੌਰ ’ਚ ਵਿਗਿਆਨਕ ਪਹੁੰਚ ਦੀ ਅਹਿਮੀਅਤ

ਕੋਰੋਨਾ ਵਾਇਰਸ ਦੀ ਮਚਾਈ ਤਬਾਹੀ ਨੇ ਸਾਰੀ ਦੁਨੀਆਂ ਨੂੰ ਫਿਕਰ ਵਿਚ ਪਾ ਦਿੱਤਾ ਹੈ। ਦੁਨੀਆਂ ਭਰ ਦੇ ਵਿਗਿਆਨੀ ਇਸ ਦੇ ਫੈਲਣ ਨੂੰ ਰੋਕਣ ਅਤੇ ਇਸ ਸੰਕਟ ਵਿਚੋਂ ਬਾਹਰ ਨਿਕਲਣ ਬਾਰੇ ਚਰਚਾ ਵਿਚ ਲੱਗੇ ਹੋਏ ਹਨ। ਮਸਲਾ ਜਿੱਥੇ ਇਸ ਦੀ ਰੋਕਥਾਮ ਦਾ ਹੈ, ਦੂਜੇ ਪਾਸੇ ਇਸ ਦੇ ਕਾਰਨ ਆਰਥਿਕਤਾ ਉੱਤੇ ਪੈ ਰਹੇ ਪ੍ਰਭਾਵ ਕਿਵੇਂ ਘਟਾਏ ਜਾਣ, ਵੀ ਚਰਚਾ ਵਿਚ ਹੈ। ਰੋਜ਼ ਕਮਾ ਕੇ ਖਾਣ ਵਾਲੀ ਆਬਾਦੀ ਜੋ ਸਾਡੇ ਦੇਸ਼ ਦੀ ਬਹੁਗਿਣਤੀ ਹੈ, ਬੁਰੀ ਤਰ੍ਹਾਂ ਪ੍ਰਭਾਵਤ ਹੈ ਅਤੇ ਭੁੱਖਮਰੀ ਦਾ ਸ਼ਿਕਾਰ ਹੋ ਰਹੀ ਹੈ। ਇਹ ਉਹ ਲੋਕ ਹਨ ਜਿਨ੍ਹਾਂ ਨੂੰ ਵਿਸ਼ੇਸ਼ ਆਰਥਿਕ ਸਹਾਇਤਾ ਦੀ ਲੋੜ ਹੈ। ਇਸ ਦੇ ਨਾਲ ਹੀ ਜਿਹੜੇ ਸਿਹਤ ਕਰਮੀ ਜਿਨ੍ਹਾਂ ਵਿਚ ਡਾਕਟਰ, ਨਰਸਾਂ, ਵਾਰਡ ਅਟੈਂਡੈਂਟ, ਸਫਾਈ ਕਰਮਚਾਰੀ ਆਦਿ ਸ਼ਾਮਿਲ ਹਨ, ਆਪਣੀ ਜਾਨ ਜੋਖ਼ਿਮ ਵਿਚ ਪਾ ਕੇ ਲੱਗੇ ਹੋਏ ਹਨ, ਉਨ੍ਹਾਂ ਲਈ ਲੋੜੀਂਦੇ ਸਾਜ਼ੋ-ਸਾਮਾਨ ਦੀ ਫੌਰੀ ਜ਼ਰੂਰਤ ਹੈ।

ਦੇਸ਼ ਵਾਸੀਆਂ ਨੂੰ ਆਸ ਸੀ ਕਿ ਪ੍ਰਧਾਨ ਮੰਤਰੀ ਆਪਣੇ ਭਾਸ਼ਣ ਵਿਚ ਇਨ੍ਹਾਂ ਸਭ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਲੋਕਾਂ ਨੂੰ ਸੰਬੋਧਨ ਕਰਨਗੇ। ਨਾਲ ਹੀ ਉਹ ਆਮ ਜਨਤਾ ਨੂੰ ਆਉਣ ਵਾਲੀਆਂ ਔਕੜਾਂ ਬਾਬਤ ਵੀ ਗੱਲਾਂ ਕਹਿਣਗੇ ਅਤੇ ਉਨ੍ਹਾਂ ਨੂੰ ਰਾਸ਼ਨ ਦੀ ਸਪਲਾਈ ਦੀ ਗੱਲ ਕਰਨਗੇ, ਦਵਾਈਆਂ ਦੀ ਸਪਲਾਈ ਦੀ ਗੱਲ ਕਰਨਗੇ, ਤੇ ਦਰ ਦਰ ਭਟਕ ਰਹੇ ਲੋਕਾਂ ਦੀਆਂ ਔਕੜਾਂ ਦੇ ਬਾਬਤ ਕੁੱਝ ਕਹਿਣਗੇ। ਨਾਲ ਹੀ ਲੋਕਾਂ ਨੂੰ ਭਰੋਸਾ ਦੇਣਗੇ ਕਿ ਸਰਕਾਰ ਕੋਵਿਡ-19 ਦੇ ਮੁਕਾਬਲੇ ਲਈ ਹਰ ਹੀਲਾ ਕਰੇਗੀ ਪਰ ਉਨ੍ਹਾਂ ਨੇ ਅਜਿਹੀ ਕੋਈ ਵੀ ਗੱਲ ਨਹੀਂ ਕੀਤੀ। ਆਪਣੇ ਤਿੰਨ ਅਪਰੈਲ ਵਾਲੇ ਭਾਸ਼ਣ ਵਿਚ ਉਨ੍ਹਾਂ ਬੱਤੀਆਂ ਬੁਝਾ ਕੇ, ਮੋਮਬੱਤੀਆਂ ਜਗਾਉਣ ਅਤੇ ਦੀਵੇ ਬਾਲਣ ਨੂੰ ਕੋਰੋਨਾ ਨੂੰ ਖ਼ਤਮ ਕਰਨ ਲਈ ਰਾਮਬਾਣ ਗਰਦਾਨਿਆ। ਉਨ੍ਹਾਂ ਦੇ ਭਾਸ਼ਣ ਤੋਂ ਬਾਅਦ ਟ੍ਰੋਲਰਾਂ ਦੀ ਫ਼ੌਜ ਵਲੋਂ ਉਨ੍ਹਾਂ ਦੇ ਬਿਆਨ ਦੀ ਵਿਆਖਿਆ ਕੀਤੀ ਜਾਣ ਲੱਗ ਪਈ ਅਤੇ ਲੋਕਾਂ ਨੂੰ ਸੁਨੇਹਾ ਦਿੱਤਾ ਜਾਣ ਲੱਗ ਪਿਆ ਕਿ ਇਸ ਨਾਲ ਕੋਰੋਨਾ ਖਤਮ ਹੋ ਜਾਏਗਾ। ਇਸ ਨਾਲ ਸਮਾਜ ਵਿਚ ਅਨੇਕਾਂ ਭਰਮ ਭੁਲੇਖੇ ਫ਼ੈਲੇ। ਦੇਸ਼ ਦੇ ਪ੍ਰਧਾਨ ਮੰਤਰੀ ਦੀ ਕਹੀ ਗੱਲ ਨੂੰ ਲੋਕ ਸੱਚ ਸਮਝ ਬੈਠਦੇ ਹਨ ਅਤੇ ਬਿਨਾਂ ਪ੍ਰਸ਼ਨ ਕੀਤਿਆਂ ਅੰਨ੍ਹਾ ਵਿਸ਼ਵਾਸ ਕਰਨ ਲੱਗ ਪੈਂਦੇ ਹਨ। ਇਸ ਤੋਂ ਪਹਿਲਾਂ 22 ਮਾਰਚ ਨੂੰ ਵੀ ਉਨ੍ਹਾਂ ਨੇ ਇਸੇ ਢੰਗ ਨਾਲ ਥਾਲੀਆਂ ਖੜਕਾਉਣ, ਘੰਟੀਆਂ ਤੇ ਸੰਖ ਵਜਾਉਣ ਲਈ ਲੋਕਾਂ ਨੂੰ ਕਿਹਾ ਸੀ। ਉਦੋਂ ਟ੍ਰੋਲਰਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਇਨ੍ਹਾਂ ਚੀਜ਼ਾਂ ਵਿਚੋਂ ਨਿਕਲਣ ਵਾਲੀ ਆਵਾਜ਼ ਨਾਲ ਕੋਰੋਨਾ ਵਾਇਰਸ ਦਾ ਸੈੱਲ ਫਟ ਜਾਏਗਾ ਤੇ ਕੋਰੋਨਾ ਵਾਇਰਸ ਦੀ ਮਹਾਂਮਾਰੀ ਸਮਾਪਤ ਹੋ ਜਾਏਗੀ। ਕੁਝ ਦਿਨ ਪਹਿਲਾਂ ਵਾਰਾਣਸੀ ਦੇ ਨਿਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਜਿਵੇਂ ਅਸੀਂ ਮਹਾਂਭਾਰਤ 18 ਦਿਨ ਵਿਚ ਜਿੱਤ ਲਿਆ ਸੀ, ਉਸੇ ਢੰਗ ਨਾਲ ਅਸੀਂ ਕੋਰੋਨਾ ਨੂੰ 21 ਦਿਨਾਂ ਦੇ ਵਿਚ ਹਰਾ ਦਿਆਂਗੇ। ਲੋਕਾਂ ਨੇ ਦੋਨੋਂ ਵਾਰ ਉਨ੍ਹਾਂ ਦੀ ਅਪੀਲ ਉੱਤੇ ਅਮਲ ਕੀਤਾ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ। ਸੰਕਟ ਵਾਲੀ ਕਿਸੇ ਵੀ ਹਾਲਤ ਵਿਚ ਲੋਕ ਰਸਤੇ ਲੱਭਦੇ ਹਨ ਅਤੇ ਇਸ ਕਿਸਮ ਦੀਆਂ ਭੁਲੇਖਾਪਾਊ ਗੱਲਾਂ ਨੂੰ ਸੱਚ ਸਮਝ ਬੈਠਦੇ ਹਨ। ਇਹ ਪਹਿਲੀ ਵਾਰੀ ਨਹੀਂ ਸੀ ਕਿ ਪ੍ਰਧਾਨ ਮੰਤਰੀ ਨੇ ਅਜਿਹੀਆਂ ਗੱਲਾਂ ਕੀਤੀਆਂ ਹੋਣ। ਛੇ ਸਾਲ ਪਹਿਲਾਂ ਅਕਤੂਬਰ 2014 ਵਿਚ ਵੀ ਉਨ੍ਹਾਂ ਨੇ ਕਿਹਾ ਸੀ ਕਿ ਮਹਾਂਭਾਰਤ ਦੇ ਯੋਧੇ ਕਰਨ ਦਾ ਜਨਮ ਸਟੈਮ ਸੈੱਲ ਦੁਆਰਾ ਹੋਇਆ ਸੀ ਅਤੇ ਉਦੋਂ ਸਾਡਾ ਵਿਗਿਆਨ ਬਹੁਤ ਹੀ ਪ੍ਰਫੁੱਲਿਤ ਸੀ। ਮੁੰਬਈ ਵਿਚ ਇੱਕ ਹਸਪਤਾਲ ਦਾ ਉਦਘਾਟਨ ਕਰਨ ਵੇਲੇ ਕੀਤੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਸੀ ਕਿ ਸਾਡੇ ਦੇਸ਼ ਵਿਚ ਦੁਨੀਆਂ ਦੀ ਪਹਿਲੀ ਪਲਾਸਟਿਕ ਸਰਜਰੀ ਹੋਈ ਸੀ ਜਦੋਂ ਹਾਥੀ ਦੇ ਸਿਰ ਨੂੰ ਬੰਦੇ ਦੇ ਸਿਰ ਉੱਤੇ ਲਗਾ ਕੇ ਭਗਵਾਨ ਗਣੇਸ਼ ਦੀ ਰਚਨਾ ਕੀਤੀ ਗਈ ਸੀ। ਉਨ੍ਹਾਂ ਦੇ ਇਸ ਕਿਸਮ ਦੇ ਕਥਨਾਂ ਤੋਂ ਉਤਸ਼ਾਹਤ ਹੋ ਕੇ ਅਨੇਕਾਂ ਹੋਰ ਆਗੂ ਵੀ ਇਸ ਕਿਸਮ ਦੀ ਬੋਲੀ ਬੋਲਣ ਲੱਗ ਪਏ ਸਨ। ਕੇਂਦਰ ਸਰਕਾਰ ਦੇ ਮਨੁੱਖੀ ਸੋਮੇ ਵਿਕਾਸ ਮੰਤਰਾਲੇ ਦੇ ਮੰਤਰੀ ਸੱਤਪਾਲ ਸਿੰਘ ਨੇ ਤਾਂ ਵਿਕਾਸਵਾਦ ਦੇ ਸਿਧਾਂਤ ਨੂੰ ਹੀ ਨਕਾਰ ਦਿੱਤਾ ਸੀ ਅਤੇ ਇਸ ਨੂੰ ਸਕੂਲਾਂ ਦੀਆਂ ਕਿਤਾਬਾਂ ਦੇ ਪਾਠਕ੍ਰਮ ਵਿਚੋਂ ਕੱਢ ਦੇਣ ਦੀ ਸਿਫ਼ਾਰਿਸ਼ ਕਰ ਦਿੱਤੀ। ਭਾਜਪਾ ਦੇ ਸੰਸਦ ਮੈਂਬਰ ਗਣੇਸ਼ ਸਿੰਘ ਦੁਆਰਾ ਬੇਹੱਦ ਦਿਲਚਸਪ ਬਿਆਨ ਦਿੱਤਾ ਗਿਆ ਕਿ ਹਰ ਰੋਜ਼ ਸੰਸਕ੍ਰਿਤ ਭਾਸ਼ਾ ਬੋਲਣ ਨਾਲ ਨਾੜੀਆਂ ਨੂੰ ਤਾਕਤ ਮਿਲਦੀ ਹੈ ਅਤੇ ਸ਼ੂਗਰ ਦੀ ਬਿਮਾਰੀ (ਡਾਇਬਟੀਜ਼) ਤੇ ਸਰੀਰ ਵਿਚ ਚਰਬੀ (ਕੋਲੈਸਟਰਲ) ਨੂੰ ਕੰਟਰੋਲ ਹੇਠ ਰੱਖਿਆ ਜਾ ਸਕਦਾ ਹੈ।

ਭੋਪਾਲ ਤੋਂ ਲੋਕ ਸਭਾ ਮੈਂਬਰ ਪ੍ਰੱਗਿਆ ਠਾਕੁਰ ਨੇ ਬਿਆਨ ਦਿੱਤਾ ਸੀ ਕਿ ਉਸ ਦੀ ਛਾਤੀ ਦਾ ਕੈਂਸਰ ਗਊ ਮੂਤਰ ਨਾਲ ਠੀਕ ਹੋਇਆ ਸੀ; ਹਾਲਾਂਕਿ ਲਖਨਊ ਦੇ ਰਾਮ ਮਨੋਹਰ ਲੋਹੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਦੇ ਸਰਜਨ ਡਾਥ ਐੱਸ ਰਾਜਪੂਤ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਨ੍ਹਾਂ ਨੇ ਕੈਂਸਰ ਤੋਂ ਛੁਟਕਾਰਾ ਪਾਉਣ ਲਈ ਪ੍ਰੱਗਿਆ ਠਾਕੁਰ ਦੇ ਤਿੰਨ ਆਪ੍ਰੇਸ਼ਨ ਕੀਤੇ ਸਨ। ਪ੍ਰੱਗਿਆ ਠਾਕੁਰ ਨੇ ਡਾਕਟਰ ਦੇ ਇਸ ਕਥਨ ਤੋਂ ਇਨਕਾਰ ਨਹੀਂ ਕੀਤਾ ਹੈ। ਉਤਰਾਖੰਡ ਦੇ ਮੁੱਖ ਮੰਤਰੀ ਤ੍ਰਿਵੇਂਦਰ ਸਿੰਘ ਰਾਵਤ ਨੇ ਕੁਝ ਸਮਾਂ ਪਹਿਲਾਂ ਕਿਹਾ ਸੀ ਕਿ ਗਾਂ ਹੀ ਇੱਕੋ ਇੱਕ ਅਜਿਹਾ ਜਾਨਵਰ ਹੈ ਜੋ ਆਕਸੀਜਨ ਨੂੰ ਸਾਹ ਦੁਆਰਾ ਬਾਹਰ ਕੱਢ ਸਕਦਾ ਹੈ। ਇਸ ਦੇ ਨਾਲ ਉਨ੍ਹਾਂ ਇਹ ਵੀ ਕਿਹਾ ਕਿ ਗਾਂ ਦੀ ਮਾਲਸ਼ ਕਰਨ ਨਾਲ ਸਾਹ ਦੀਆਂ ਬਿਮਾਰੀਆਂ ਦੂਰ ਹੋ ਸਕਦੀਆਂ ਹਨ; ਗਾਵਾਂ ਦੇ ਨੇੜੇ ਰਹਿਣ ਨਾਲ ਟੀਬੀ (ਤਪਦਿਕ) ਦਾ ਇਲਾਜ ਹੁੰਦਾ ਹੈ। ਉੱਤਰਾਖੰਡ ਦੀ ਭਾਜਪਾ ਇਕਾਈ ਦੇ ਪ੍ਰਧਾਨ ਅਤੇ ਨੈਨੀਤਾਲ ਦੇ ਸੰਸਦ ਮੈਂਬਰ ਅਜੈ ਭੱਟ ਨੇ ਕਿਹਾ ਸੀ ਕਿ ਜੇ ਗਰਭਵਤੀ ਔਰਤਾਂ ਬਾਗੇਸ਼ਵਰ ਜ਼ਿਲ੍ਹੇ ਦੀ ਨਦੀ ਗੜੂਦ ਗੰਗਾ ਦਾ ਪਾਣੀ ਪੀਣ ਤਾਂ ਉਹ ਸਿਜ਼ੇਰੀਅਨ ਆਪ੍ਰੇਸ਼ਨ ਤੋਂ ਬਚ ਸਕਦੀਆਂ ਹਨ। ਅਰੋਗਿਆ ਭਾਰਤੀ ਦੁਆਰਾ ਗਰਭ ਵਿਗਿਆਨ ਸੰਸਕਾਰ ਤਹਿਤ ਜੋੜਿਆਂ ਦੇ ਮਿਲਣ ਸਮੇਂ ਸਲੋਕ ਉਚਾਰਨ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਉਹ ਆਪਣੀ ਪਸੰਦ ਦੇ ਬੱਚਿਆਂ ਨੂੰ ਜਨਮ ਦੇ ਸਕਣ। ਉਨ੍ਹਾਂ ਦੇ ਇਸ ਤਰੀਕੇ ਨਾਲ ਪੈਦਾ ਹੋਏ ਅਨੁਕੂਲਿਤ ਬੱਚਿਆਂ ਦੀ ਗਿਣਤੀ ਦੀ ਪੁਸ਼ਟੀ ਕਰਨ ਵਾਲੇ ਕੋਈ ਅੰਕੜੇ ਸਾਹਮਣੇ ਨਹੀਂ ਆਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਇਹ ਵਿਚਾਰ ਜਰਮਨੀ ਤੋਂ ਮਿਲਿਆ ਹੈ; ਹਾਲਾਂਕਿ ਜਰਮਨੀ ਦੇ ਡਾਕਟਰਾਂ ਨਾਲ ਸੰਪਰਕ ਕਰਨ ’ਤੇ ਉਨ੍ਹਾਂ ਨੇ ਇਸ ਗੱਲ ਨੂੰ ਮਨਘੜਤ ਦੱਸਿਆ ਹੈ। ਇੰਨਾ ਹੀ ਨਹੀਂ, ਗੁਜਰਾਤ ਸਰਕਾਰ ਦੇ ਕੁਝ ਮੰਤਰੀਆਂ ਨੇ ਤਾਂ ਤਾਂਤਰਿਕਾਂ ਦੇ ਸਨਮਾਨ ਸਮਾਰੋਹ ਵਿਚ ਸ਼ਿਰਕਤ ਕੀਤੀ। ਅਜਿਹੇ ਬਿਆਨ ਸਿਰਫ਼ ਸਿਆਸਤਦਾਨਾਂ ਤੱਕ ਹੀ ਸੀਮਿਤ ਨਹੀਂ ਹਨ। ਆਂਧਰਾ ਪ੍ਰਦੇਸ਼ ਯੂਨੀਵਰਸਿਟੀ ਦੇ ਕੁਲਪਤੀ ਜੀ ਨਾਗੇਸ਼ਵਰ ਰਾਓ ਨੇ ਜਲੰਧਰ ਵਿਚ ਇੰਡੀਅਨ ਸਾਇੰਸ ਕਾਂਗਰਸ ਵਿਖੇ ਦਿੱਤੇ ਬਿਆਨ ਵਿਚ ਕਿਹਾ ਸੀ ਕਿ ਸਟੈੱਮ ਸੈੱਲ ਦੀ ਖੋਜ ਅਤੇ ਟੈਸਟ ਟਿਊਬ ਬੇਬੀ ਟੈਕਨਾਲੌਜੀ ਕਾਰਨ ਸਾਡੀ ਇਕ ਮਾਂ ਤੋਂ ਸੈਂਕੜੇ ਕੌਰਵ ਪੈਦਾ ਹੋਏ ਹਨ। ਇਹ ਕੁਝ ਹਜ਼ਾਰ ਸਾਲ ਪਹਿਲਾਂ ਹੋਇਆ ਸੀ ਤੇ ਇਹ ਕਿ ਉਦੋਂ ਇਸ ਦੇਸ਼ ਵਿਚ ਵਿਗਿਆਨ ਸੀ। ਰਾਜਸਥਾਨ ਦੀ ਹਾਈ ਕੋਰਟ ਦੇ ਇੱਕ ਜੱਜ ਨੇ ਰਿਟਾਇਰ ਹੋਣ ਤੋਂ ਇੱਕ



ਦਿਨ ਪਹਿਲਾਂ ਬਿਆਨ ਦਿੱਤਾ ਸੀ ਕਿ ਮੋਰਨੀ ਜਦੋਂ ਮੋਰ ਦੇ ਹੰਝੂ ਚੂਸਦੀ ਹੈ ਤਾਂ ਉਹ ਔਲਾਦ ਨੂੰ ਜਨਮ ਦਿੰਦੀ ਹੈ। ਉਂਜ, ਅੱਜ ਇਹ ਮਾਮਲਾ ਬਹੁਤ ਗੰਭੀਰ ਹੈ। ਕੋਰੋਨਾਵਾਇਰਸ ਨਾਲ ਲੱਗਦੀ ਬਿਮਾਰੀ ਕੋਵਿਡ-19 ਨਾਲ ਲੜਨ ਲਈ ਵਿਗਿਆਨਕ ਢੰਗ ਤਰੀਕੇ ਅਪਨਾਉਣ ਦੀ ਲੋੜ ਹੈ। ਕੋਰੋਨਾ ਨਵਾਂ ਵਾਇਰਸ ਹੈ ਜਿਸ ਬਾਰੇ ਸਾਨੂੰ ਪੂਰੀ ਜਾਣਕਾਰੀ ਅਜੇ ਨਹੀਂ ਹੈ। ਦੁਨੀਆਂ ਭਰ ਦੇ ਵਿਗਿਆਨੀ ਇਸ ਬਾਰੇ ਖੋਜ ਵਿਚ ਲੱਗੇ ਹੋਏ ਹਨ। ਸਾਡੇ ਦੇਸ਼ ਅੰਦਰ ਵੀ ਇਸ ਕਿਸਮ ਦੇ ਕੇਸਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਲਈ ਇਸ ਬਿਮਾਰੀ ਬਾਰੇ ਗੈਰ ਵਿਗਿਆਨਕ ਮਨਘੜਤ ਮਿੱਥਿਆਵਾਦੀ ਬਿਆਨ ਦੇਣੇ ਘਾਤਕ ਸਿੱਧ ਹੋ ਸਕਦੇ ਹਨ। ਅਸਲ ਵਿਚ ਲੋਕ ਕਿਸੇ ਵੀ ਸੰਕਟ ਦੌਰਾਨ ਉਸ ਦੇ ਹੱਲ ਲਈ ਰਾਹ ਲੱਭਦੇ ਹਨ, ਇਸੇ ਲਈ ਅਪ੍ਰਮਾਣਿਤ ਗੱਲਾਂ ਨੂੰ ਵੀ ਸੱਚ ਮੰਨ ਲੈਂਦੇ ਹਨ ਕਿ ਸ਼ਾਇਦ ਕੋਈ ਹਲ ਨਿਕਲ ਆਏ। ਜੇਕਰ ਲਾਈਟਾਂ ਜਾਂ ਘੰਟੀਆਂ ਨਾਲ ਇਸ ਮਹਾਂਮਾਰੀ ਉੱਤੇ ਕਾਬੂ ਪਾਇਆ ਜਾ ਸਕੇ ਤਾਂ ਬਹੁਤ ਹੀ ਸੌਖੀ ਗੱਲ ਹੈ।

ਡਾਕਟਰੀ ਵਿਗਿਆਨ ਕਲਪਨਾ ਨਹੀਂ ਹੈ ਅਤੇ ਨਾ ਹੀ ਇਹ ਵਿਸ਼ਵਾਸ ਪ੍ਰਣਾਲੀ ਹੈ। ਇਹ ਸਬੂਤਾਂ ਤੇ ਆਧਾਰਿਤ ਵਿਗਿਆਨ ਹੈ। ਆਧੁਨਿਕ ਮੈਡੀਕਲ ਦੀ ਇਲਾਜ ਦੀ ਕਿਸੇ ਪ੍ਰਣਾਲੀ ਨੂੰ ਵਿਕਸਿਤ ਕਰਨ ਤੋਂ ਪਹਿਲਾਂ ਇਸ ਨੂੰ ਪ੍ਰਯੋਗਸ਼ਾਲਾ ਵਿਚ, ਫਿਰ ਜਾਨਵਰਾਂ ਅਤੇ ਅਖੀਰ ਮਨੁੱਖਾਂ ਉੱਤੇ ਪ੍ਰਯੋਗ ਕੀਤਾ ਜਾਂਦਾ ਹੈ। ਅੰਤ ਵਿਚ ਉਸ ਪ੍ਰਣਾਲੀ ਦਾ ਮਨੁੱਖੀ ਸਰੀਰ ਨੂੰ ਨੁਕਸਾਨ ਨਾ ਪਹੁੰਚੇ, ਨੂੰ ਯਕੀਨੀ ਬਣਾ ਕੇ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਰਾਜਨੀਤਿਕ ਨੇਤਾਵਾਂ ਜਾਂ ਕੁਝ ਹੋਰ ਲੋਕਾਂ ਦੁਆਰਾ ਅਜਿਹੇ ਊਲ ਜਲੂਲ ਵਿਚਾਰਾਂ ਦੇ ਪ੍ਰਚਾਰ ਨਾਲ ਆਮ ਅਨਪੜ੍ਹ ਲੋਕਾਂ ’ਤੇ ਬੁਰਾ ਪ੍ਰਭਾਵ ਪੈਂਦਾ ਹੈ ਤੇ ਉਹ ਇਨ੍ਹਾਂ ਨੂੰ ਸਚਾਈ ਮਨ ਲੈਂਦੇ ਹਨ। ਇਹ ਨਾ ਸਿਰਫ ਖਤਰਨਾਕ ਹੈ, ਬਲਕਿ ਅਪਰਾਧਕ ਕੰਮ ਵੀ ਹੈ ਜਿਸ ਲਈ ਸਜ਼ਾ ਤੈਅ ਹੋਣੀ ਚਾਹੀਦੀ ਹੈ। ਦੁੱਖ ਦੀ ਗੱਲ ਹੈ ਕਿ ਸਰਕਾਰੀ ਤੰਤਰ ਸਿਹਤ ਬਾਰੇ ਬਹੁਤ ਸਾਰੇ ਤਰਕਹੀਣ ਵਿਚਾਰਾਂ ਪ੍ਰਤੀ ਨਾ ਸਿਰਫ ਉਦਾਸੀਨ ਹੈ, ਬਲਕਿ ਉਨ੍ਹਾਂ ਨੂੰ ਬੜੀ ਚਲਾਕੀ ਨਾਲ ਅੱਗੇ ਵਧਾ ਰਿਹਾ ਹੈ ਤਾਂ ਜੋ ਸਮਾਜ ਨੂੰ ਰੂੜੀਵਾਦ ਵਿਚ ਹੀ ਰੱਖਿਆ ਜਾਏ। ਸਮੂਹਿਕ ਚੇਤਨਾ ਜਿਸ ਦੀ ਗੱਲ ਪ੍ਰਧਾਨ ਮੰਤਰੀ ਨੇ ਕੀਤੀ ਹੈ, ਉਹ ਮੋਮਬੱਤੀਆਂ ਜਾਂ ਦੀਵੇ ਜਲਾਉਣ ਵਰਗੇ ਰੂੜ੍ਹੀਵਾਦੀ ਵਿਚਾਰਾਂ ਨਾਲ ਨਹੀਂ ਆਉਣੀ ਬਲਕਿ ਯੋਜਨਾ, ਪਿਆਰ ਮੁਹੱਬਤ ਤੇ ਸਮਾਜਿਕ ਇੱਕਮੁੱਠਤਾ ਨਾਲ ਆਏਗੀ।

# ਕਰਫ਼ਿਊ ਦੇ ਦਿਨਾਂ ’ਚ ਚੰਗੀਆਂ ਕਿਤਾਬਾਂ ਤੋਂ ਗਿਆਨ ਹਾਸਿਲ ਕਰਕੇ ਸੁਚੇਤ ਹੋਣ ਲੋਕ

ਕੋਰੋਨਾ ਇੱਕ ਕਿਸਮ ਦਾ ਵਾਇਰਸ ਹੈ ਜਿਸ ਨੇ ਬਹੁਤ ਸਾਰੇ ਲੋਕਾਂ ਨੂੰ ਆਪਣੀ ਲਪੇਟ ’ਚ ਲੈ ਲਿਆ ਹੈ। ਵਿਸ਼ਵ ਸਿਹਤ ਸੰਸਥਾ ਨੇ 11 ਫਰਵਰੀ 2020 ਤੋਂ ਇਸ ਹਾਲਤ ਨੂੰ ਵਿਸ਼ਵ ਮਹਾਂਮਾਰੀ ਐਲਾਨਿਆ, ਜਿਵੇਂ ਕਿ ਦੂਜੇ ਵਿਸ਼ਾਣੂਆਂ ਵਾਂਗ ਇਹ ? ਵਿਅਕਤੀ ਦੇ ਸਰੀਰਕ ਸੰਪਰਕ ਵਾਲੇ ਵਿਅਕਤੀ ਵਿੱਚ ਫੈਲਦਾ ਹੈ, ਜਿਵੇਂ ਹੱਥ ਮਿਲਾਉਣਾ ਆਦਿ ਅਤੇ ਹਵਾ ਦੇ ਮਾਧਿਅਮ ਤੋਂ ਵੀ ਇਸ ਲਈ ਸਾਨੂੰ ਨਿੱਛ ਮਾਰਦੇ ਸਮੇਂ ਆਪਣੇ ਮੂੰਹ ਨੂੰ ਚੰਗੀ ਤਰ੍ਹਾਂ ਨਾਲ ਢੱਕ ਲੈਣਾ ਚਾਹੀਦਾ ਹੈ, ਇਸ ਕਾਰਨ ਹੁਣ ਤੱਕ ਅਨੇਕਾਂ ਲੋਕ ਇਸ ਬਿਮਾਰੀ ਦਾ ਸ਼ਿਕਾਰ ਹੋ ਗਏ ਹਨ, ਕੀ ਲੋਕ ਤਾਂ ਇਸ ਬਿਮਾਰੀ ਕਾਰਨ ਦੁਨੀਆਂ ਤੋਂ ਕੂਚ ਕਰ ਚੁੱਕੇ ਹਨ। ਸਰਕਾਰਾਂ ਦੁਆਰਾ ਇਸ ਮਹਾਂਮਾਰੀ ਨੂੰ ਰੋਕਣ ਦੇ ਲਈ ਅਨੇਕਾਂ ਯਤਨ ਕੀਤੇ ਜਾ ਰਹੇ ਹਨ, ਲੋਕਾਂ ਨੂੰ ਘਰਾਂ ਅੰਦਰ ਰਹਿਣ ਦੀ ਅਪੀਲ ਕੀਤੀ ਗਈ ਹੈ। ਕੀ ਦੇਸ਼ਾਂ ਵਿੱਚ ਮੁਕੰਮਲ ਤਾਲਾਬੰਦੀ ਕਰ ਦਿੱਤੀ ਗਈ ਹੈ, ਜੇਕਰ ਅਸੀਂ ਭਾਰਤ ਦੀ ਗੱਲ ਕਰੀਏ ਤਾਂ ਜਿੱਥੇ ਵੀ 1 ਮਈ 2020 ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮੁਕੰਮਲ ‘ਤਾਲਾਬੰਦੀ’ ਰੱਖਣ ਦੇ ਆਦੇਸ਼ ਜਾਰੀ ਕੀਤੇ ਹੋਏ ਹਨ, ਪੰਜਾਬ ਸਮੇਤ ਹੋਰ ਬਹੁਤ ਸਾਰੇ ਜ਼ਿਲ੍ਹਿਆਂ ਵਿੱਚ ਕਰਫਿਊ ਲਗਾ ਦਿੱਤਾ ਗਿਆ ਹੈ ਤਾਂ ਜੋ ਪਰਿਵਾਰ ਦਾ ਕੋਈ ਵੀ ਮੈਂਬਰ ਘਰ ਤੋਂ ਬਾਹਰ ਨਾ ਜਾ ਸਕੇ ਅਤੇ ਇਸ ਵਾਇਰਸ ਦੀ ਅੱਗੇ ਤੋਂ ਅੱਗੇ ਜੁੜ ਰਹੀ ਲੜੀ ਨੂੰ ਤੋੜਿਆ ਜਾ ਸਕੇ ਅਤੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਵੀ ਬਣਾਇਆ ਜਾ ਸਕੇ ਪਰ ਲੋਕ ਘਰ ਬੈਠਣ ਦੀ ਬਜਾਇ ਇੱਧਰ ਉੱਧਰ ਘੁੰਮਦੇ ਨਜ਼ਰੀਂ ਪੈਂਦੇ ਹਨ। ਜਿਨ੍ਹਾਂ ਨੂੰ ਰੋਕਣ ਦੇ ਲਈ ਪੁਲਿਸ ਵੱਲੋਂ ਸਖ਼ਤ ਕਾਰਵਾਈ ਵੀ ਕੀਤੀ ਜਾਂਦੀ ਹੈ। ਅਜਿਹੇ ਸਮੇਂ ਵਿੱਚ ਲੋਕਾਂ ਨੂੰ ਆਪਣੀ ਸਿਆਣਪ ਤੋਂ ਕੰਮ ਲੈਣ ਦੀ ਲੋੜ ਹੈ, ਜਿਸ ਵਿਅਕਤੀ ਨੂੰ ਐਮਰਜੈਂਸੀ ਹੋਵੇ ਤਾਂ ਉਸ ਨੂੰ ਘਰੋਂ ਬਾਹਰ ਨਿਕਲਣਾ ਪੈ ਸਕਦਾ ਹੈ, ਪਰ ਬਿਨਾਂ ਵਜ੍ਹਾ ਘਰ ਤੋਂ ਬਾਹਰ ਜਾਣਾ ਮੂਰਖਤਾ ਵਾਲਾ ਵਰਤਾਰਾ ਹੈ। ਪਰ ਬਹੁ ਗਿਣਤੀ ਲੋਕ ਜਿਹੜੇ ਸਮਝਦਾਰੀ ਤੋਂ ਕੰਮ ਲੈਂਦੇ ਹੋਏ ਘਰਾਂ ਵਿੱਚ ਵੀ ਬੈਠੇ ਹਨ, ਹੁਣ ਲੋਕ ਇਨ੍ਹਾਂ ਦਿਨਾਂ’ ਚ ਆਪਣੀ ਸੂਝ ਬੂਝ ਤੋਂ ਕੰਮ ਲੈ ਕੇ ਆਪਣੇ ਘਰ ’ਚ ਬੈਠ ਕੇ ਚੰਗੀਆਂ ਕਿਤਾਬਾਂ ਪੜ੍ਹਨ ਨੂੰ ਤਰਜੀਹ ਦੇਣ, ਜਿਸ ਨਾਲ ਉਨ੍ਹਾਂ ਦੀ ਮਾਨਸਿਕ ਬੁੱਧੀ ਦਾ ਵਿਕਾਸ ਹੋਵੇਗਾ ਅਤੇ ਉਹ ਵਧੇਰੇ ਗਿਆਨਵਾਨ ਹੋਣਗੇ, ਅਜਿਹਾ ਕੀਤਾ ਹੋਇਆ ਨੁਸਖ਼ਾ ਸਮਾਜ ਦੇ ਲੋਕਾਂ ਲਈ ਨਵੀਂ ਕਿਸਮ ਦਾ ਆਗਾਜ਼ ਹੋਵੇਗਾ, ਕਿਤਾਬਾਂ ਹਰੇਕ ਮਨੁੱਖ ਲਈ ਮਾਰਗ ਦਰਸ਼ਕ ਹੁੰਦੀਆਂ ਹਨ। ਹੱਥੀ ਲਿਖਤ ਰਾਹੀਂ ਅਸੀਂ ਆਪਣੀਆਂ ਭਾਵਨਾਵਾਂ ਨੂੰ ਲਿਖ ਕੇ ਬਿਆਨ ਕਰ ਸਕਦੇ ਹਾਂ ਜਿਹੜੇ ਵਿਅਕਤੀ ਪੁਸਤਕਾਂ ਦੀ ਸੰਗਤ ਕਰਦੇ ਹਨ, ਉਨ੍ਹਾਂ ਦਾ ਦਿਮਾਗ ਚੰਗੇ ਵਿਚਾਰਾਂ ਦਾ ਧਾਰਨੀ ਹੋਣ ਕਰਕੇ ਉਹ ਹਮੇਸ਼ਾ ਤਰਕ ਨਾਲ ਗੱਲ ਕਰਦੇ ਹਨ। ਜੇਕਰ ਅਸੀਂ ਚੰਗੀਆਂ ਕਿਤਾਬਾਂ ਪੜ੍ਹ ਕੇ ਗਿਆਨਵਾਨ ਹੋਵਾਂਗੇ ਤਾਂ ਹੀ ਅਸੀਂ ਕਿਸੇ ਦੂਸਰੇ ਵਿਅਕਤੀ ਨੂੰ ਸੇਧ ਦੇ ਸਕਦੇ ਹਾਂ, ਚੰਗੀਆਂ ਕਿਤਾਬਾਂ ਜਿਸ ਨੂੰ ਪੜ੍ਹ ਕੇ ਸਾਡੇ ਲਈ ਨਵੇਂ ਰਾਹ ਖੁੱਲ੍ਹਦੇ ਹਨ। ਪ੍ਰਭਾਵਸ਼ਾਲੀ ਸਾਹਿਤ ਹਰੇਕ ਸਮੱਸਿਆ ਦਾ ਹੱਲ ਕੱਢਦਾ ਹੈ। ਕਿਤਾਬਾਂ ਕਦੇ ਮਰਦੀਆਂ ਨਹੀਂ ਇਹ ਹਮੇਸ਼ਾ ਹੀ




ਅਮਰ ਰਹਿੰਦੀਆਂ ਹਨ। ਜੇਕਰ ਅਸੀਂ ਇਸ ਸਮੇਂ ਦੀ ਵਰਤੋਂ ਸਹੀ ਕਰਾਂਗੇ ਤਾਂ ਇਹ ਸਮਾਂ ਲਾਹੇਵੰਦ ਹੋਵੇਗਾ, ਵਧੀਆ ਸੋਚ ਦੇ ਬਦਲੇ ਹੀ ਸਮਾਜ ਦੀ ਵੱਖਰੀ ਪਹਿਚਾਣ ਬਣਾਈ ਜਾ ਸਕਦੀ ਹੈ। ਇਸ ਕੀਮਤੀ ਵਕਤ ਨੂੰ ਗਵਾਉਣ ਦੀ ਬਜਾਏ ਸਾਹਿਤਕ ਕਿਤਾਬਾਂ ਪੜ੍ਹੀਏ ਅਤੇ ਸਭ ਨੂੰ ਪੜ੍ਹਾਈਏ। ਚੰਗੀ ਸੋਚ ਦੇ ਧਾਰਨੀ ਬਣੀਏ ਅਤੇ ਸਮਾਜ ’ਚ ਕਿਤਾਬਾਂ ਪੜ੍ਹਨ ਦੀ ਲਹਿਰ ਚਲਾਈਏ।

# ਕੋਰੋਨਾ-ਕਰਫਿਊ ਨੇ ਕਈ ਮੁਗ਼ਾਲਤੇ ਦੂਰ ਕੀਤੇ





ਪੁਰਾਤਨ ਜੰਗਾਂ ਵਿਚ ਤਲਵਾਰਾਂ, ਸ਼ਮਸ਼ੀਰਾਂ, ਨੇਜ਼ੇ, ਖੰਡੇ, ਭਾਲੇ, ਨਾਗਨੀਆਂ, ਵਰਤੀਆਂ ਜਾਦੀਆਂ ਸਨ, ਉਸਤੋਂ ਬਾਅਦ ਵਾਲੇ ਸਮੇਂ 'ਚ ਤੋਪਾਂ, ਬੰਬ ਵਗ਼ੈਰਾ ਤੇ ਇਹਨਾਂ ਤੋਂ ਪਿੱਛੋਂ ਟੈਂਕ, ਬੰਦੂਕਾਂ, ਮਿਜ਼ਾਇਲਾਂ ਦੀ ਵਰਤੋਂ ਬਾਰੇ ਸਭ ਨੂੰ ਪਤਾ ਹੈ। ਪਰ ਇਹਨਾਂ ਤੋਂ ਇਲਾਵਾ, ਕਾਫੀ ਸਮੇਂ ਤੋਂ ਤੇ ਅਜੋਕੇ ਯੁੱਗ ਵਿਚ ਰਸਾਇਣਕ ਤੇ ਜੈਵਿਕ ਹਥਿਆਰ ਵੀ ਵਰਤੇ ਜਾ ਰਹੇ ਹਨ। (ਰਸਾਇਣਕ- ਜ਼ਹਿਰੀਲੀਆਂ ਗੈਸਾਂ ਛੱਡ ਦੇਣਾ, ਪਾਣੀ ਦੇ ਸੋਮਿਆਂ-ਟੈਂਕੀਆਂ, ਖੂਹਾਂ ਅਦਿ ਵਿਚ ਜ਼ਹਿਰ ਰਲਾ ਦੇਣਾ ਅਦਿ)। ਮੌਜੂਦਾ ਆਲਮੀ ਜੰਗ ਜਿਸਨੇ ਵੀ ਸ਼ੁਰੂ ਕੀਤੀ ਹੈ, ਉਸ ਨੇ ਜੈਵਿਕ ਹਥਿਆਰ - ਕੋਰੋਨਾ ਵਾਇਰਸ, ਵਰਤਿਆ ਹੈ। ਕੋਰੋਨਾ ਵਾਇਰਸ ਵਾਲੇ ਰੋਗ ਦੀ ਇਨਫੈਕਸ਼ਨ (ਕੋਵਿਡ-19) ਹਵਾਈ ਜਹਾਜ਼ਾਂ ਰਾਹੀਂ ਵਿਦੇਸ਼ਾਂ ਤੋਂ ਪਹੁੰਚੀ ਹੈ। ਇਸ ਦੇ ਬਹੁ-ਗਿਣਤੀ ਮਰੀਜ਼ ਅਮੀਰ ਹਨ, ਇੰਜ ਲਗਦਾ ਹੈ ਕਿ ਇਹ ਅਮੀਰਾਂ ਦਾ ਰੋਗ ਹੈ। ਇਸ ਤੋਂ ਪਤਾ ਲਗਦਾ ਹੈ ਕਿ ਅਮੀਰਾਂ ਦੀ ਕੁੱਵਤ-ਏ-ਬਰਦਾਸ਼ਤ / ਰੋਗਾਂ ਨਾਲ ਲੜਨ ਦੀ ਤਾਕਤ (ਇਮਿਊਨਿਟੀ) ਕਮਜ਼ੋਰ ਹੁੰਦੀ ਹੈ। ਇਸ ਸਮੇਂ ਦੌਰਾਨ ਸਭ ਨੇ ਅਜ਼ਮਾ ਲਿਆ ਹੈ ਕਿ ਕਿਸੇ ਵੀ ਧਰਮ, ਜਾਤ, ਨਸਲ ਦਾ ਕੋਈ ਵੀ ਬਾਬਾ, ਪੀਰ, ਮੁੱਲਾਂ, ਪਾਦਰੀ, ਪਾਂਡਾ, ਭਾਈ, ਜੋਤਿਸ਼ੀ, ਪੁਜਾਰੀ ਹੋਵੇ, ਸਭ ਗੱਪਾਂ ਹੀ ਮਾਰਦੇ ਹਨ; ਇਸ ਵਾਇਰਸ ਦਾ ਕੁਝ ਨਹੀਂ ਕਰ ਸੱਕਿਆ। ਜੋ ਆਪਣੇ ਆਪ ਨੂੰ ਰੱਬ ਸਮਝਦੇ ਹਨ, ਸਭ ਖੁੱਡਾਂ 'ਚ ਵੜੇ ਬੈਠੇ ਹਨ। ਭਰਮ ਭੁਲੇਖਿਆਂ ਵਿਚ ਪਾ ਕੇ ਲੋਕਾਂ ਕੋਲੋਂ ਧਨ, ਸੋਨਾ ਤੇ ਹੋਰ ਕਈ ਕੁਝ ਲੁੱਟਦੇ ਹਨ, ਪਰ ਇਹਨਾਂ ਦੇ ਪੱਲੇ ਕੱਖ ਨਹੀਂ ਹੈ; ਐਵੇਂ ਈ ਸਾਰੀ ਖ਼ਲਕਤ ਖਾਸ ਕਰਕੇ ਔਰਤਾਂ ਨੂੰ ਆਪਣੇ ਪਿੱਛੇ ਲਗਾਇਆ ਹੋਇਆ ਹੈ ਤੇ ਚੜ੍ਹਾਵੇ ਇਕੱਠੇ ਕਰੀ ਜਾਂਦੇ ਹਨ। ਜੋ ਵੀ ਸ਼ਕਤੀ ਹੈ ਉਹ ਵਿਗਿਆਨ ਦੀ ਹੈ। ਕੋਵਿਡ-19 ਜਾਂ ਹੋਰ ਕੋਈ ਵੀ ਰੋਗ ਹੋਵੇ, ਉਸਦਾ ਮੁਆਇਨਾ, ਮੁਕੰਮਲ ਜਾਂਚ (ਇਨਵੈਸਟੀਗੇਸ਼ਨਜ਼), ਖੁਰਦਬੀਨੀ ਜਾਂਚਾਂ ਆਦਿ ਤੋਂ ਬਾਅਦ ਮਾਹਿਰਾਂ ਦੁਆਰਾ ਦੱਸੀਆਂ ਦਵਾਈਆਂ / ਟੀਕਿਆਂ ਨਾਲ ਹੀ ਇਲਾਜ ਸੰਭਵ ਹੁੰਦਾ ਹੈ; ਟੂਣੇ-ਟਪਾਣਿਆਂ, ਤਵੀਤਾਂ, ਝਾੜਿਆਂ, ਚਲ੍ਹੀਆਂ ਨਾਲ ਨਹੀਂ। ਇਸ ਘਰ-ਬੰਦੀ ਦੌਰਾਨ ਇਹ ਸੱਚਾਈ ਵੀ ਸਾਹਮਣੇ ਆਈ ਹੈ ਕਿ ਆਪਣੇ ਆਪ ਨੂੰ ਨੰਬਰ ਇਕ ਸਮਝਣ ਵਾਲਾ ਅਮਰੀਕਾ ਵੀ ਕੁੱਲ ਦੁਨੀਆਂ 'ਚ ਨੰਬਰ ਇਕ ਨਹੀਂ ਹੈ। ਜੈਵਿਕ ਆਤੰਕਵਾਦ ਦਾ ਮਤਲਬ ਹੈ- ਹਮਲਾਵਰ ਦੁਆਰਾ ਜਾਣਬੁਝ ਕੇ, ਖ਼ਤਰਨਾਕ ਬੈਕਟੀਰੀਆ, ਵਾਇਰਸ, ਫੰਗਸ (ਉਲੀਆਂ), ਜਾਂ ਕੋਈ ਹੋਰ ਜੈਵਿਕ ਜੀਵਾਣੂੰ ਛੱਡੇ ਜਾਣੇ, ਜਿੰਨਾਂ ਨਾਲ ਮਨੁੱਖ, ਜਾਨਵਰ ਤੇ ਬਨਸਪਤੀ ਨੂੰ ਨੁਕਸਾਨ ਪਹੁੰਚੇ ਜਾਂ ਮੌਤਾਂ ਹੋ ਜਾਣ। ਮਨੁੱਖਾਂ ਤੋਂ ਇਲਾਵਾ ਇਸ ਧਰਤ ਉਤੇ ਜੀਵ-ਜੰਤੂਆਂ, ਪਸ਼ੂ-ਪੰਛੀਆਂ ਦਾ ਵੀ ਅਧਿਕਾਰ ਹੈ। ਅਸੀਂ ਮਨੁੱਖਾਂ ਨੇ, ਹਵਾ ਪਾਣੀ ਤੇ ਆਲੇ-ਦੁਆਲੇ 'ਚ ਇੰਨੀ ਆਲੂਦਗੀ ਫੈਲਾ ਛੱਡੀ ਹੈ ਕਿ ਇਸ ਧਰਤੀ ਤੋਂ ਵਧੇਰੇ ਜੀਵ ਗ਼ਾਇਬ ਹੋ ਗਏ/ਰਹੇ ਹਨ। ਪਰ ਇਹਨੀਂ ਦਿਨੀਂ ਜਦ ਕੁੱਲ ਆਲਮ ਵਿਚ ਇਨਸਾਨ ਘਰਾਂ ਅੰਦਰ ਤਾੜੇ ਪਏ ਹਨ ਤੇ ਇਹਨਾਂ ਨੂੰ ਜੰਦਰੇ ਲੱਗ ਗਏ ਹਨ, ਤਾਂ ਇਹ ਪੰਛੀ, ਜੀਵ ਜੰਤੂ, ਆਜ਼ਾਦ ਉਡਦੇ ਫਿਰਦੇ ਵੇਖੇ ਜਾ ਸਕਦੇ ਹਨ। ਪੰਛੀਆਂ ਦੇ ਚਹਿਕਣ ਦੀਆਂ ਆਵਾਜ਼ਾਂ ਸੁਣਾਈ ਦੇਣ ਲਗ ਪਈਆਂ ਹਨ। 40-50 ਸਾਲ ਪਹਿਲਾਂ ਜਦ ਪਰਦੂਸ਼ਣ ਬਹੁਤ ਘੱਟ ਸੀ, ਮਨੁੱਖ ਨੇ ਇੰਨਾ ਜ਼ਿਆਦਾ ਗੰਦ ਨਹੀਂ ਸੀ ਪਾਇਆ, ਉਦੋਂ ਲੋਕ ਛੱਤਾਂ 'ਤੇ ਸੌਂਦੇ ਸਨ। ਸਾਡੀ ਪੀੜ੍ਹੀ ਨੇ ਟਿਮ ਟਿਮਾਉਂਦੇ ਹੋਏ ਤਾਰੇ ਵੇਖੇ ਹੋਏ ਹਨ ਪਰ ਅਜੋਕੇ ਜ਼ਮਾਨੇ ਵਿਚ ਵੱਡੇ ਸ਼ਹਿਰਾਂ ਨੇ ਜਵਾਕਾਂ ਨੇ ਤਾਂ ਸਿਰਫ ਇਹ ਸੁਣਿਆ ਹੀ ਹੈ ਕਿ ਤਾਰੇ ਟਿਮਾਉਂਦੇ ਹਨ। ਹੁਣ ਜਦ ਲਾਕ ਡਾਊਨ ਕਾਰਣ ਪ੍ਰਦੂਸ਼ਣ ਕੁਝ ਘਟਿਆ ਹੈ, ਉਹਨਾਂ ਨੇ ਤਾਰਿਆਂ ਦਾ ਇਹ ਟਿਮਾਉਣਾ ਵੀ ਵੇਖ ਲਿਆ ਹੈ।

ਇਕ ਬੜੀ ਵੱਡੀ ਗਲਤ ਫਹਿਮੀ ਰਹੀ ਹੈ ਕਿ ਯੂਰਪ ਦੇ ਲੋਕ ਬਹੁਤ ਸਿਆਣੇ ਹਨ ਪਰ ਉਹ ਸਾਡਾ ਵਹਿਮ ਹੀ ਸੀ, ਉਹ ਓਨੇ ਸਿਆਣੇ ਨਹੀਂ ਨਿਕਲੇ ਜਿੰਨੇ ਅਸੀਂ ਸਮਝਦੇ ਰਹੇ ਹਾਂ। ਆਪਣੀਆਂ ਛੁੱਟੀਆਂ ਦੌਰਾਨ ਅਸੀਂ ਆਪਣੇ ਦੇਸ਼ ਭਾਰਤ ਵਿਚ ਵੀ ਕਈ ਥਾਵਾਂ 'ਤੇ ਜਾ ਸਕਦੇ ਹਾਂ, ਸਾਨੂੰ ਉਹਨਾਂ ਦੇਸ਼ਾਂ ਵਿਚ ਜਾ ਕੇ ਫਜ਼ੂਲ ਖਰਚਾ ਕਰਨ ਦੀ ਕੋਈ ਲੋੜ ਨਹੀਂ, ਤਫਰੀਹ ਵਾਸਤੇ ਭਾਰਤ ਵੀ ਇਕ ਬਹੁਤ ਵਧੀਆ ਡੈਸਟੀਨੇਸ਼ਨ ਹੈ। ਇਕ ਹੋਰ ਗ਼ਲਤ ਫਹਿਮੀ ਜੋ ਸਾਡੇ ਦਿਮਾਗ਼ 'ਚ ਹੈ ਕਿ ਫਿਲਮਾਂ ਦੇ ਐਕਟਰ ਜਾਂ ਕ੍ਰਿਕਟ, ਫੁੱਟਬਾਲ ਅਦਿ ਦੇ ਖਿਡਾਰੀ ਵੱਡੇ ਹੀਰੋ ਹਨ। ਆਲਮੀ ਲਾਕਡਾਊਨ/ਕਰਫਿਊ ਦੌਰਾਨ ਇਹ ਵੀ ਪਤਾ ਲੱਗ ਗਿਐ ਕਿ ਅਸਲੀ ਹੀਰੋ ਡਾਕਟਰ, ਨਰਸਾਂ, ਟੈਕਨਾਲੋਜਿਸਟ, ਪੈਰਾ ਮੈਡੀਕਲ ਸਟਾਫ ਹਨ ਜੋ ਵਧੇਰੇ ਮਹੱਤਵਪੂਰਣ ਹਨ। ਅਸੀਂ ਭੱਜੇ-ਨੱਸੇ ਫਿਰਦੇ ਹਾਂ, ਸਾਨੂੰ ਕਿਤੇ ਟਿਕਾਅ ਨਹੀਂ, ਤੇਜ਼ ਗੱਡੀਆਂ ਭਜਾ ਭਜਾ ਕੇ ਬਲੱਡ ਪ੍ਰੈਸ਼ਰ ਵੀ ਵਧਾਉਂਦੇ ਹਾਂ ਤੇ ਦੁਰਘਟਨਾਵਾਂ ਵੀ ਹੁੰਦੀਆਂ ਹਨ। ਪਰ ਹੁਣ ਸਭ ਨੇ ਵੇਖ ਲਿਆ ਹੈ ਕਿ ਕਾਫੀ ਕੰਮ ਘਰ ਬਹਿ ਕੇ ਵੀ ਕੀਤੇ ਜਾ ਸਕਦੇ ਹਨ। ਬੱਚੇ ਤਾਂ ਰੋਜ਼ ਹੀ ਚਾਹੁੰਦੇ ਰਹਿੰਦੇ ਹਨ ਤੇ ਅਸੀਂ ਵੀ ਹਫਤੇ 'ਚ ਦੋ ਤਿੰਨ ਵਾਰ, ਬਾਹਰੋਂ ਖਾਣ, 'ਜੰਕ ਫੂਡ' ਤੇ 'ਫਾਸਟ ਫੂਡ' ਵਰਗੀਆਂ ਆਦਤਾਂ ਪਾਲੀਆਂ ਹੋਈਆਂ ਹਨ ਜਦੋਂ ਕਿ ਪਤਾ ਹੈ ਕਿ ਘਰ ਵਿਚ 'ਹੌਲੀ ਹੌਲੀ ਪਕਾਏ ਹੋਏ' ਖਾਣੇ ਵਿਚ, ਪਤਨੀ, ਮਾਂ, ਭੈਣ, ਬੇਟੀ ਦਾ ਪਿਆਰ-ਮੁਹੱਬਤ ਤੇ ਸੱਧਰਾਂ ਮਿਲੀਆਂ ਹੁੰਦੀਆਂ ਹਨ। ਘਰ 'ਚ ਆਰਾਮ ਨਾਲ ਪਕਾਏ ਹੋਏ ਭੋਜਨ ਵਿਚ ਕਈ ਗੁਣਾਂ ਸਾਫ ਸਫਾਈ ਤੇ ਵਧੇਰੇ ਪੌਸ਼ਟਿਕਤਾ ਹੁੰਦੀ ਹੈ। ਇਕ ਸਾਫ-ਸੁਥਰੀ ਜੀਵਨ ਸ਼ੈਲੀ ਅਪਨਾਉਣਾ ਜ਼ਿਆਦਾ ਮੁਸ਼ਕਿਲ ਨਹੀਂ। ਅਜੋਕੇ ਯੁੱਗ ਵਿਚ ਜਦ ਔਰਤਾਂ ਵੀ ਮਰਦਾਂ ਦੇ ਬਰਾਬਰ ਹੀ ਕੰਮ ਕਰਦੀਆਂ ਹਨ, ਘਰ ਰਹਿ ਕੇ ਪਤਾ ਲੱਗ ਗਿਆ ਹੈ ਕਿ ਬੰਦੇ ਵੀ ਵਧੀਆ ਭੋਜਨ ਬਣਾ ਸਕਦੇ ਹਨ। ਘਰਾਂ 'ਚ ਕੰਮ ਕਰਨ ਵਾਲੀ ਮਾਈ ਦੀ ਗ਼ੈਰ-ਹਾਜ਼ਰੀ ਵਿਚ ਬੰਦੇ, ਗੰਢੇ ਛਿੱਲ ਸਕਦੇ ਹਨ, ਚਟਣੀ ਕੁੱਟ ਸਕਦੇ ਹਨ, ਵਧੀਆ ਭਾਂਡੇ ਮਾਂਜ ਸਕਦੇ ਹਨ। ਫਿਲਮੀ ਹੀਰੋ ਤੇ ਹੀਰੋਇਨਾਂ, ਕਲਾਕਾਰ ਹੁੰਦੇ ਹਨ, ਮਨ ਪਰਚਾਵੇ ਦਾ ਬਹੁਤ ਵਧੀਆ ਜ਼ਰੀਆ ਹੁੰਦੇ ਪਰ ਉਹਨਾਂ ਨੂੰ ਆਪਣਾ ਆਦਰਸ਼ ਨਹੀਂ ਬਣਾਇਆ ਜਾ ਸਕਦਾ। ਜਿਵੇਂ ਸੁਣਿਆ ਸੀ ਕਿ ਪਿਛਲੇ ਸਾਲ ਮਾਰਚ ਵਿਚ, ਫਿਲਮੀ ਹਸਤੀ ਤੇ ਮਾਡਲ, ਸਨੀ ਲਿਓਨੀ, ਰਾਜਾ ਗਿਰੀ ਸਕੂਲ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਵਿਚ ਗਈ ਸੀ। ਟੈਕਨਾਲੋਜੀ ਦੇ ਇਸ ਯੁੱਗ ਵਿਚ ਬੱਚੇ ਯੂ ਟਿਊਬ 'ਤੇ ਇਸ ਤਰ੍ਹਾਂ ਦੀਆਂ ਹਸਤੀਆਂ ਬਾਰੇ ਸਭ ਕੁਝ ਵੇਖ ਲੈਂਦੇ ਹਨ। ਸਕੂਲ ਦੀਆਂ ਬੱਚੀਆਂ ਉਹਦੇ ਕੋਲੋਂ ਕਿਹੜੇ ਆਦਰਸ਼ ਸਿੱਖਣਗੀਆਂ ? ਸੋ ਇਹ ਘਰ-ਬੰਦੀ, ਜੋ ਭਾਵੇਂ ਸਾਡੇ 'ਤੇ ਕੋਵਿਡ-19 ਦੀ ਆਲਮੀ ਮਹਾਂਮਾਰੀ ਕਾਰਣ ਥੋਪੀ ਗਈ ਹੈ, ਦਾ ਘਰ ਬੈਠੇ ਆਨੰਦ ਲਓ ਤੇ ਸਿੱਖੋ ਕਿ ਅਸੀਂ ਆਪਣੀ ਇਸ ਧਰਤ ਨੂੰ ਕਿਵੇਂ ਬਚਾਉਣਾ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਗਾਲ੍ਹਾਂ ਨਾ ਕੱਢਣ ਕਿ ਸਾਡੇ ਵੱਡੇ-ਵਡੇਰੇ ਕਿੰਨਾ ਪਰਦੂਸ਼ਣ, ਕਿੰਨਾ ਗੰਦ ਪਾ ਕੇ ਗਏ ਹਨ।

# ਬਹੁਤ ਕੁਝ ਸਿਖਾ ਕੇ ਜਾਵੇਗਾ ਨੋਵਿਲ ਕੋਰੋਨਾ ਵਾਇਰਸ

ਇਸ ਸਮੇਂ ਲਗਭਗ ਸਾਰਾ ਸੰਸਾਰ ਲਾਕਡਾਊਨ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਪੂਰੀ ਦੁਨੀਆਂ ਸਾਹਮਣੇ ਨੋਵਿਲ ਕੋਰੋਨਾ ਵਾਇਰਸ-ਕੋਵਿਡ-19 ਮਹਾਂ ਦੈਂਤ ਬਣ ਕੇ ਆ ਖੜੋਤਾ ਹੈ। ਦੁਨੀਆਂ ਦੇ ਇਤਿਹਾਸ 'ਚ ਸ਼ਾਇਦ ਇਹ ਪਹਿਲੀ ਵਾਰ ਹੋਇਆ ਕਿ ਸਾਰੇ ਦੇਸ਼ ਇਕ ਹੀ ਸਮੱਸਿਆ ਨਾਲ ਇਕੋ ਵੇਲੇ ਜੂਝ ਰਹੇ ਹਨ। ਹਰ ਦੇਸ਼ ਦੀਆਂ ਆਪਣੀਆਂ-ਆਪਣੀਆਂ ਸਮੱਸਿਆਵਾਂ ਹਨ ਅਤੇ ਹਰ ਦੇਸ਼ ਆਪਣੀਆਂ ਸਥਿਤੀਆਂ ਪ੍ਰਸਥਿਤੀਆਂ ਅਨੁਸਾਰ ਵਿਉਂਤਬੰਦੀ ਨਾਲ ਹੀ ਉਹਨਾਂ ਸਮੱਸਿਆਵਾਂ ਦਾ ਸਾਹਮਣਾ ਕਰਦੇ ਰਹੇ ਹਨ। ਧਰਤੀ 'ਤੇ ਸਦੀਆਂ ਤੋਂ ਸਮੇਂ-ਸਮੇਂ ਪਲੇਗ, ਟੀ.ਬੀ., ਹੈਜਾ, ਚੇਚਕ, ਏਡਜ਼, ਬਰਡ ਫਲੂ ਅਤੇ ਹੋਰ ਵੀ ਕਈ ਕਿਸਮ ਦੇ ਫਲੂ ਆਦਿ ਫੈਲਦੇ ਰਹੇ ਹਨ। ਅੱਜ ਵੀ ਅਸੀਂ ਪੋਲੀਓ ਵਰਗੀ ਵਿਸ਼ਵ ਸਿਹਤ ਸਮੱਸਿਆ ਨਾਲ ਲੜ ਰਹੇ ਹਾਂ। ਹਾਲਾਂਕਿ ਇਹਨਾਂ ਸਮੱਸਿਆਵਾਂ ਦਾ ਜ਼ਿੰਮੇਵਾਰ ਖੁਦ ਇਨਸਾਨ ਹੀ ਹੈ। ਜਦੋਂ-ਜਦੋਂ ਅਸੀਂ ਆਪਣੇ ਨਿੱਜੀ ਹਿੱਤਾਂ ਲਈ ਕੁਦਰਤ ਨਾਲ ਛੇੜਛਾੜ ਕੀਤੀ ਉਦੋਂ-ਉਦੋਂ ਹੀ ਅਜੀਹੀਆਂ ਮਹਾਂਮਾਰੀਆਂ ਨੇ ਮਨੁੱਖੀ ਜ਼ਿੰਦਗੀ 'ਚ ਆਪਣੇ ਪੈਰ ਪਸਾਰੇ ਹਨ। ਇਨ੍ਹਾਂ ਆਫਤਾਂ ਨੇ ਜਿੱਥੇ ਸਾਡਾ ਬਹੁਤ ਕੁੱਝ ਵਿਗਾੜਿਆ ਹੋਇਆ ਹੈ ਉਥੇ ਸਾਨੂੰ ਸਿਖਾਇਆ ਵੀ ਬਹੁਤ ਕੁਝ ਹੈ, ਪਰ ਇਸ ਕੋਰੋਨਾ ਵਾਇਰਸ ਨੇ ਤਾਂ ਸਿੱਖਣ-ਸਿਖਾਉਣ ਦੀਆਂ ਨਵੀਆਂ ਪੈੜਾਂ ਨਾਲ ਸਾਨੂੰ ਪੈੜ ਨਾਪਣੀ ਸਿਖਾ ਦਿੱਤੀ।

ਉਘੀ ਮਾਨਵ ਵਿਗਿਆਨੀ ਮਾਰਗਰੇਟ ਮੀਡ ਦੇ ਕਥਨ ਅਨੁਸਾਰ ਸਭਿਅਤਾ ਉਦੋਂ ਸ਼ੁਰੂ ਹੋਈ ਸੀ ਜਦੋਂ ਮਨੁੱਖ ਨੇ ਮਨੁੱਖ ਦੀ ਸਹਾਇਤਾ ਕਰਨੀ ਸ਼ੁਰੂ ਕੀਤੀ ਸੀ। ਇਸ ਔਖੀ ਘੜੀ ਵਿਚ ਪੂਰੇ ਵਿਸ਼ਵ ਦੇ ਲੋਕ ਇਕ-ਦੂਜੇ ਦੇ ਨੇੜੇ ਆਏ ਹਨ। ਸਾਰੇ ਧਰਮ ਜਿੱਥੇ ਇਕ-ਦੂਜੇ ਦੀ ਸਲਾਮਤੀ ਲਈ ਦੁਆ ਮੰਗ ਰਹੇ ਹਨ ਉੱਥੇ ਪਿਆਰ ਦੇ ਗੀਤ ਗਾ-ਗਾ ਕੇ ਲੋੜਵੰਦਾਂ ਨੂੰ ਖਾਣਾ, ਭੋਜਨ, ਲੰਗਰ ਅਤੇ ਜ਼ਰੂਰੀ ਵਸਤਾਂ ਸਹਿਯੋਗ ਦੇ ਰੂਪ 'ਚ ਵੰਡ ਰਹੇ ਹਨ। ਉਸ ਵੇਲੇ ਇਹ ਸਭਿਅਤਾ ਮਾਂ-ਸਦਕੇ ਆਖਦੀ ਹੋਵੇਗੀ ਜਦ ਅਮਰੀਕਾ ਦਾ ਉਹ ਦਸ-ਗਿਆਰਾਂ ਸਾਲਾਂ ਦਾ ਬੱਚਾ ਆਪਣੀ ਪੌਕਟਮਨੀ ਦੇ 60000 ਰੁ. (ਭਾਰਤੀ ਕਰੰਸੀ 'ਚ) ਨਾਲ ਜ਼ਰੂਰੀ ਵਸਤਾਂ ਖਰੀਦ ਕੇ ਇਕ ਰੇਹੜੀ ਰੇੜਦਾ ਹੋਇਆ ਲੋਕਾਂ ਦੇ ਘਰਾਂ 'ਚ ਬੱਚਿਆਂ ਲਈ ਜ਼ਰੂਰੀ ਵਸਤਾਂ ਵੰਡ ਰਿਹਾ ਹੈ ਅਤੇ ਰਾਸ਼ਟਰਪਤੀ ਟਰੰਪ ਵੀ ਉਸਦੇ ਬਾਲ ਉਧਮ ਨੂੰ ਸਲੂਟ ਕਰਦਾ ਹੈ। ਭਾਰਤ ਵਰਗੇ ਦੇਸ਼ 'ਚ ਇਹ ਸਹਿਯੋਗ ਹੋਰ ਪੁਖਤਾ ਹੋ ਜਾਂਦਾ ਹੈ, ਜਦੋਂ ਬਹੁ-ਧਰਮੀ, ਜਾਤ ਅਧਾਰਿਤ ਸਮਾਜ 'ਚ, ਵਰਗਾਂ-ਵਰਣਾਂ 'ਚ ਵੰਡੇ ਲੋਕ ਇਹਨਾਂ ਵੰਡੀਆਂ ਤੋਂ ਉਪਰ ਉੱਠ ਕੇ ਲੋੜਵੰਦਾਂ ਤੱਕ ਪਹੁੰਚ ਕੇ ਉਹਨਾਂ ਨੂੰ ਜ਼ਰੂਰੀ ਵਸਤਾਂ ਵੰਡ ਰਹੇ ਹਨ। ਪਰਿਵਾਰ ਸਮਾਜ ਦੀ ਸਭ ਤੋਂ ਛੋਟੀ ਇਕਾਈ ਹੰਦੀ ਹੈ, ਇਸ ਲਈ ਪਰਿਵਾਰ ਸੁਖੀ ਤੇ ਸਮਾਜ ਸੁਖੀ ਅਤੇ ਸਮਾਜ ਸੁਖੀ ਤੇ ਰਾਜ ਸੁਖੀ। ਇਸ ਮਹਾਂਮਾਰੀ ਦੇ ਦੌਰ 'ਚ ਦੂਰ-ਦੂਰ ਰਹਿ ਕੇ ਵੀ ਪਲ-ਪਲ ਟੁੱਟ ਰਹੇ, ਟੁੱਟ ਚੁੱਕੇ ਅਤੇ ਵਿੱਖਰ ਰਹੇ ਪਰਿਵਾਰ ਨੇੜੇ ਆਏ ਹਨ। ਆਪਣਿਆਂ ਦਾ ਫਿਕਰ ਅਤੇ ਦੇਖ-ਭਾਲ ਵੱਧੀ ਹੈ। ਸ਼ੋਸ਼ਲ ਮੀਡੀਆ 'ਤੇ ਪਤੀ-ਪਤਨੀ ਦੇ ਰਿਸ਼ਤੇ ਅਤੇ ਜ਼ਿੰਮੇਵਾਰੀਆਂ ਦਾ ਅਹਿਸਾਸ ਸਾਕਾਰਾਤਮਕਤਾ 'ਚ ਬਦਲ ਰਿਹਾ ਹੈ ਰਿਸ਼ਤਿਆਂ ਨਾਲ ਸਬੰਧਤ ਹਾਸਾ ਠੱਠਾ ਕਈ ਜੁਮਲੇ ਸ਼ੋਸ਼ਲ ਮੀਡੀਆ ਤੈਰ ਰਹੇ ਹਨ। ਪਤੀ-ਪਤਨੀ ਦਾ ਸਹਿਯੋਗ ਵਧਿਆ ਹੈ। ਬਾਲ ਕੋਨੀਆਂ 'ਚ ਖੜ੍ਹ ਕੇ ਸੰਗੀਤ ਅਤੇ ਤਾਲੀਆਂ ਦੀ ਜੁਗਲਬੰਦੀ ਸਕਰਾਤਮਕ ਸਮਾਜ ਹੀ ਨਹੀਂ ਸਕਰਾਤਮਕ ਸੰਸਾਰ ਦੀ ਜੁਗਲਬੰਦੀ ਵੀ ਲੱਗ ਰਹੀ ਹੈ। ਘਰ ਬੈਠੇ ਬੱਚਿਆਂ ਨਾਲ ਪਿਆਰ ਅਤੇ ਮਸਤੀ ਅਤੇ ਦੂਰ ਬੈਠਿਆਂ ਦਾ ਹਰਪਲ ਫਿਕਰ ਅੱਜ ਪਰਿਵਾਰਾਂ ਦੀ ਘਰੇਲੂ ਹਿੰਸਾ, ਘਰੇਲੂ ਤਣਾਅ ਅਤੇ ਗਲਤਫਹਿਮੀਆਂ ਨੂੰ ਦੂਰ ਕਰ ਰਿਹਾ ਹੈ। ਗੁਆਂਢੀ ਨੂੰ ਆਪਣੇ ਵਾਂਗੂੰ ਪਿਆਰ ਕਰਨ ਦੀ ਭਾਵਨਾ ਪੈਦਾ ਹੋਈ ਹੈ। ਭਿੰਨਤਾਵਾਂ ਵਾਲੇ ਦੇਸ਼ 'ਚ ਅਤੇ ਵੰਡੀਆਂ ਵਾਲੇ ਸਮਾਜ 'ਚ ਅਜਿਹੇ ਪਿਆਰ ਅਤੇ ਸਹਿਯੋਗ ਦੀ ਭਾਵਨਾ ਸਮਾਜ ਨੂੰ ਸਿਹਤਮੰਦ ਬਣਾਵੇਗੀ। ਆਫਤ ਭਾਵੇਂ ਕੋਈ ਵੀ ਹੋਵੇ, ਉਸਦਾ ਸਭ ਤੋਂ ਵੱਧ ਅਸਰ ਗ਼ਰੀਬ ਦੀ ਜ਼ਿੰਦਗੀ ਉਤੇ ਪੈਂਦਾ ਹੈ। ਖਾਸ ਕਰਕੇ ਉਹ ਮਜ਼ਦੂਰ ਜਿਹੜਾ ਰੋਜ ਆਪਣੇ ਲਈ ਪਹਿਲਾਂ ਅਸਮਾਨੋਂ ਟੰਗੀ ਰੋਟੀ ਲਾਹੁੰਦਾ ਹੈ ਤੇ ਫਿਰ ਆਪਣੇ ਬਾਲੜਿਆਂ ਦੇ ਪੇਟ ਭਰਦਾ ਹੈ। ਉਹ ਕਿਤੇ ਰਜਿਸਟਰਡ ਨਹੀਂ ਹੈ। ਅੱਜ ਵੀ ਸਰਕਾਰ ਕੋਲ ਉਨ੍ਹਾਂ ਦੀ ਪਹਿਚਾਨ ਦੀ ਕੋਈ ਯੋਜਨਾ ਨਹੀਂ। ਇਸ ਤੋਂ ਇਲਾਵਾ ਬਹੁਤੇ ਲੋਕ ਰੋਜ਼ੀ ਰੋਟੀ ਲਈ ਇਕ-ਦੂਜੇ ਰਾਜਾਂ 'ਚ ਪ੍ਰਵਾਸੀ ਮਜ਼ਦੂਰਾਂ ਵਜੋਂ ਕੰਮ ਕਰਨ ਜਾਂਦੇ ਹਨ। ਬਿਨਾ ਕਿਸੇ ਢੰਗ ਟਪਾਊ ਯੋਜਨਾਵਾਂ ਦੇ ਕਾਹਲ਼ੀ ਨਾਲ ਕੀਤੇ ਫੈਸਲਿਆਂ ਨੇ ਕਈ ਜਾਨਾਂ ਗਵਾਈਆਂ ਹਨ। ਹੁਣ ਵੀ ਪ੍ਰਭਾਵਿਤ ਲੋਕਾਂ ਲਈ ਪੈਸਾ ਅਤੇ ਰਾਸ਼ਨ



ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਪੰਜਾਬ ਸਰਕਾਰ ਦਾ ਹਰ ਮੁੱਦੇ 'ਤੇ ਹਰ ਵੇਲੇ ਨਾਪੱਖੀ ਰਵੱਈਆ ਵੇਖ-ਵੇਖ ਹਰ ਵਰਗ ਤੰਗ ਸੀ, ਪਰ ਇਸ ਮਹਾਂਮਾਰੀ ਦੇ ਦੌਰ 'ਚ ਸਰਕਾਰ ਦੀ ਪਹਿਲਕਦਮੀ ਵਾਲੇ ਫੈਸਲੇ ਸ਼ਲਾਘਾਯੋਗ ਹਨ। ਸਰਕਾਰਾਂ ਲਾਕਡਾਊਨ ਦੌਰਾਨ ਹਰ ਵਰਗ ਦੇ ਲੋਕ ਦਾ ਧਿਆਨ ਰੱਖਦਿਆਂ ਯੋਜਨਾਬੱਧ ਤਰੀਕੇ ਨਾਲ ਹਰ ਚੀਜ਼ ਮੁਹੱਈਆ ਕਰਵਾਉਣ ਦਾ ਦਾਅਵਾ ਤਾਂ ਕਰਦੀਆਂ ਹਨ ਪਰ ਰਿਆਲਟੀ ਨੂੰ ਸਮਝ ਕੇ ਪੁਖਤਾ ਯੋਜਨਾਵਾਂ ਦੀ ਲੋੜ ਹੈ। ਅੱਜ ਬਹੁਤ ਲੋੜ ਹੈ ਸਰਕਾਰਾਂ ਨੂੰ ਇਹ ਸੋਚਣ ਦੀ ਕਿ ਜਿਸ ਨਿੱਜੀਕਰਨ ਨੂੰ ਉਹ ਬੜ੍ਹਾਵਾ ਦੇ ਕੇ ਦੇਸ਼ ਦੇ ਵਿਕਾਸ ਦਾ ਗਰਾਫ ਵਧਾਉਣ ਅਤੇ ਉਪਰ ਚੁੱਕਣ ਦੀਆਂ ਗੱਲਾਂ ਕਰਦੇ ਸਨ, ਉਹ ਅੱਜ ਸਰਕਾਰੀਕਰਨ ਅੱਗੇ ਕਿੰਨਾ ਬੌਣਾ ਲੱਗ ਰਿਹਾ ਹੈ। ਅੱਜ ਉਹੀ ਸਰਕਾਰੀ ਮੁਲਾਜ਼ਮ ਜਿਨ੍ਹਾਂ ਨੂੰ ਆਪਣੇ ਹੱਕਾਂ ਲਈ ਸੜਕਾਂ 'ਤੇ ਲੁੱਟਿਆ ਅਤੇ ਕੁੱਟਿਆ ਜਾਂਦਾ ਹੈ ਆਪਣੇ ਥੋੜ੍ਹੇ ਜਿਹੇ ਸਾਧਨਾਂ ਅਤੇ ਸੰਸਾਧਨਾਂ ਨਾਲ ਹੀ ਅੱਗੇ ਵੱਧ ਕੇ ਕੰਮਕਾਰ ਕਰ ਰਹੇ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਸਰਕਾਰੀ ਭਰਤੀਆਂ ਕਰਕੇ ਸਰਕਾਰੀ ਸਾਧਨਾਂ ਨੂੰ ਵਧਾਵੇ। ਸਲਮ ਖੇਤਰ ਅਤੇ ਪੇਂਡੂ ਖੇਤਰਾਂ 'ਚ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ ਦੀ ਜ਼ਿਆਦਾ ਲੋੜ ਹੈ। ਹੁਣ ਤੱਕ ਦੇ ਵਿਸ਼ਲੇਸ਼ਣ ਦੱਸਦੇ ਹਨ ਕਿ ਵਿਕਾਸ ਦਾ ਗ਼ਰਾਫ ਤਾਂ ਨਹੀਂ ਵਧਿਆ ਪਰ ਬੇਰੁਜ਼ਗਾਰੀ ਦਾ ਗਰਾਫ ਤੇਜ਼ੀ ਨਾਲ ਉੱਪਰ ਚਲਾ ਗਿਆ ਹੈ। ਭਾਵੇਂ ਪ੍ਰਧਾਨ ਮੰਤਰੀ ਜੀ ਦਾ ਇੱਕੋ ਵੇਲੇ ਦਾ ਬਲੈਕ ਆਊਟ ਵਾਲਾ ਫੈਸਲਾ ਵੀ ਦੇਸ਼ 'ਚ ਜਾਗਰੂਕਤਾ, ਇਕੱਜੁਟਤਾ ਅਤੇ ਇਕਮੁੱਠਤਾ ਦਾ ਹੀ ਨਮੂਨਾ ਸੀ। ਪਰ ਜੇ ਪੇਟ ਨਾ ਪਈਆਂ ਰੋਟੀਆਂ ਤਾਂ ਸੱਭੇ ਗੱਲਾਂ ਖੋਟੀਆਂ।

# ਐਨ . ਆਰ . ਆਈਜ਼, ਕੋਰੋਨਾ ਤੇ ਪੰਜਾਬ

ਪੰਜਾਬ ਵਿੱਚ ਐਨ.ਆਰ ਆਈਜ਼ ਆ ਕੇ ਕਸੂਤਾ ਫਸ ਗਏ ਹਨ। ਉਹਨਾਂ ਦੀ ਹਾਲਤ ਹੁਣ ਬਦ ਤੋਂ ਬਦਤਰ ਬਣ ਗਈ ਹੈ। ਸੋਸ਼ਲ ਮੀਡੀਆ ਉਪਰ ਵੀ ਉਨ੍ਹਾਂ ਵਿਰੁੱਧ ਭੰਡੀ ਪ੍ਰਚਾਰ ਹੋ ਰਿਹਾ ਹੈ। ਨਾਕਿਆਂ ਉਪਰ ਪ੍ਰੇਸ਼ਾਨੀ ਦਾ ਸਾਹਮਣਾ ਵੱਖਰਾ। ਪਹਿਲਾਂ ਏਨੀ ਮਾੜੀ ਤ੍ਰਾਸਦੀ ਉਨ੍ਹਾਂ ਕਦੇ ਨਹੀਂ ਸੀ ਵੇਖੀ। ਇਨ੍ਹਾਂ ਗਾਲਤਾਂ ਤੇ ਹਲਾਤਾਂ ਦੀ ਗੰਢ- ਤੁਪ ਕਿਵੇਂ ਹੋਈ। ਸਭ ਨੂੰ ਪਤਾ ਹੈ । ਇਹਦੇ ਬਾਰੇ ਬਹੁਤ ਕੁਝ ਦੱਸਣ ਦੀ ਜਰੂਰਤ ਨਹੀਂ। ਕਿਵੇਂ ਉਹ ਜਾਣ ਬੁਝਕੇ ਨਫ਼ਰਤ ਦਾ ਸ਼ਿਕਾਰ ਹੋ ਰਹੇ ਹਨ। ਦੁਨੀਆਂ ਭਰ ‘ਚ ਅਜ ਦੀ ਭਿਆਨਕ ਮਹਾਂਮਾਰੀ ਕਾਹਦੀ ਆ ਗਈ। ਪੰਜਾਬ ‘ਚ ਸਭ ਦੋਸ਼, ਕੋਰੋਨਾ ਵਾਇਰਸ ਦਾ ਵਿਦੇਸ਼ਾਂ ਤੋਂ ਆਏ ਪੰਜਾਬੀਆਂ ਸਿਰ ਹੀ ਮੜ੍ਹਿਆ ਜਾਣ ਲੱਗ ਪਿਆ ਹੈ। ਪੰਜਾਬ ‘ਚ ਪਹਿਲਾਂ ਵਿਦੇਸ਼ੀ ਧਰਤੀ ਤੋਂ ਆਇਆ ਕੋਰੋਨਾਂ ਪੀੜਤ ਗਿਆਨੀ ਬਲਦੇਵ ਸਿੰਘ ਕਾਹਦਾ ਮਿਲਿਆ, ਇਸ ਬਿਮਾਰੀ ਦੀਆਂ ਪੰਜਾਬ ਵਿੱਚ ਸਾਰੀਆਂ ਪੰਡਾਂ ਐਨ. ਆਰ.ਆਈਜ਼ ਸਿਰ ਹੀ ਖੋਲ੍ਹੀਆਂ ਜਾ ਰਹੀਆਂ ਹਨ। ਖੈਰ ਮਾਰਦੇ ਦੀ ਸੋਟੀ ਤਾਂ ਫੜੀ ਜਾਂ ਸਕਦੀ ਹੈ, ਬੋਲਦੇ ਦੀ ਜ਼ੁਬਾਨ ਤਾਂ ਰੋਕਣੀ ਮੁਸ਼ਕਲ ਹੈ। ਜਿੰਨੇ ਮੂੰਹ ਉਨੀਆਂ ਹੀ ਗੱਲਾਂ। ਸਦੀਆਂ ਤੋਂ ਪੰਜਾਬ ਦੇ ਲੋਕ ਪ੍ਰਦੇਸ਼ਾਂ ‘ਚ ਵਸ ਰਹੇ ਹਨ। ਉਨ੍ਹਾਂ ਮਿਹਨਤ ਨਾਲ ਨਾਮ ਵੀ ਕਮਾਇਆ ਤੇ ਨਾਮਾ ਵੀ। ਉਨ੍ਹਾਂ ਨੇ ਪੰਜਾਬ ਜਾਂ ਮੁਲਕ ਦਾ ਕੁਝ ਨਹੀਂ ਜੇ ਵਿਗਾੜਿਆ ਸਗੋਂ ਸੰਵਾਰਿਆਂ ਹੀ ਹੈ। ਕਿਹੜੇ ਪਿੰਡ ਕਹਿੜਾ ਕੰਮ ਜਾਂ ਪ੍ਰੋਜੈਕਟ ਹੈ ਜਿਥੇ ਪੰਜਾਬੀ ਪ੍ਰਵਾਸੀ ਪੰਜਾਬੀਆਂ ਨੇ ਆਪਣਾਂ ਯੋਗਦਾਨ ਨਹੀਂ ਪਾਇਆ। ਭਾਵੇਂ ਪਿੰਡ ਦਾ ਸਕੂਲ ਹੋਵੇ ਟੂਰਨਾਮੈਂਟ ਹੋਵੇ, ਗੁਰਦੁਆਰਾ ਸਾਹਿਬ ਹੋਵੇ ਜਾਂ ਕਿਸੇ ਗਰੀਬ ਪ੍ਰੀਵਾਰ ਦੀ ਕੁੜੀ ਦਾ ਸ਼ਗਨ ਵਿਹਾਰ, ਹਰ ਥਾਂ ਪੰਜਾਬ ਵਿੱਚ ਵਿਦੇਸ਼ੀ ਵੀਰਾਂ ਨੇ ਪੰਜ ਮੰਗਣ ਤੇ ਪੰਜਾਹ ਹੀ ਦਿੱਤੇ ਹਨ। ਹੁਣ ਵੀ ਜੇਕਰ ਐਨ. ਆਰ.ਆਈਜ਼ ਪ੍ਰੀਵਾਰ ਬਾਹਰਲੇ ਮੁਲਕ ਤੋਂ ਆਉਂਦਾ ਹੈ ਤਾਂ ਉਸ ਪਾਸੋਂ ਹਰ ਇਕ ਦੀ ਜੋ ਝਾਕ ਹੁੰਦੀ ਹੈ। ਉਹ ਵੀ ਕਿਸੇ ਤੋਂ ਲੁੱਕੀ ਛਿਪੀ ਨਹੀਂ ਹੈ। ਐਨ . ਆਰ. ਆਈਜ਼ ਆਪਣੇ ਪ੍ਰੀਵਾਰ, ਸਰੀਕੇ ਦੀਆਂ ਲੋੜਾਂ ਹੀ ਪੂਰੀਆਂ ਨਹੀਂ ਕਰਦੇ ਬਲਕਿ ਆਪਣੇ ਪਿੰਡ ਜਾਂ ਸੂਬੇ ਦੀਆਂ ਲੋੜਾਂ ਵੀ ਪੂਰੀਆਂ ਕਰ ਰਹੇ ਹਨ। ਹੁਣ ਕੋਵਿਡ 19 ਦੇ ਮਾਮਲੇ ਵਿੱਚ ਪਹਿਲਾਂ ਚੀਨ ਸਿਰ ਭਾਂਡਾ ਭੰਨਦੇ ਰਹੇ। ਹੁਣ ਪ੍ਰਵਾਸੀ ਪੰਜਾਬੀਆਂ ਮਗਰ ਪੈ ਰਹੇ ਹਨ। ਇਹ ਕੋਈ ਵਧੀਆ ਰੁਝਾਨ ਨਹੀਂ ਹੈ। ਗੱਲ ਸਮਝਣ ਤੇ ਸਮਝਾਉਣ ਵਾਲੀ ਹੈ। ਐਨ. ਆਰ. ਆਈਜ਼ ਕੌਣ ਨੇ, ਤੁਹਾਡੇ ਭੈਣ -ਭਰਾ ਤਾਂ ਹਨ। ਕੋਈ ਬਿਗਾਨੇ ਨਹੀਂ। ਪੰਜਾਬ ਤੋਂ ਕੁਝ ਮੰਗਣ ਨਹੀਂ ਆਉਂਦੇ। ਬਲਕਿ ਪੰਜਾਬ ‘ਚ ਆਪਣੇ ਲੋਕਾਂ ਦਾ ਕੁਝ ਸੰਵਾਰਨ ਹੀ ਆਉਂਦੇ ਹਨ। ਉਹਨਾਂ ਨੂੰ ਪ੍ਰਮਾਤਮਾਂ ਤੇ ਬੜਾ ਕੁਝ ਦਿੱਤਾ ਹੈ। ਉਹ ਤਾਂ ਆਪਣੀ ਮਾਤ ਭੂਮੀ ਨੂੰ ਨਤਮਸਤਕ ਆਉਣ ਲਈ ਆਉਂਦੇ ਹਨ। ਨਾਲ ਹੀ ਆਪਣੇ ਪੰਜਾਬ ਦੀ ਪੰਜਾਬੀਆਂ ਦੀ ਸਬਰ - ਸੰਤੋਖ ਨਾਲ ਖੈਰ ਸੁਖ ਵੀ ਮੰਗਦੇ ਹਨ। ਉਨ੍ਹਾਂ ਨੂੰ ਆਪਣੀ ਮਾਤ ਭੂਮੀ ਨਾਲ ਮੁਹੱਬਤ ਹੈ। ਦੇਸ਼ ਦੀ ਜੰਗ-ਏ-ਆਜ਼ਾਦੀ ਲਈ ਤਨ - ਮਨ ਤੇ ਧੰਨ ਨਾਲ ਉਨ੍ਹਾਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਕਰਤਾਰ ਸਿੰਘ ਸਰਾਭੇ ਦੀ ਮਿਸਾਲ ਸਾਡੇ ਸਭ ਦੇ ਸਾਹਮਣੇ ਹੈ।

ਬਾਹਰੋਂ ਆ ਰਹੇ ਪੰਜਾਬੀਆਂ ਨਾਲ ਸਭਿਅਕ ਸਲੀਕੇ ਨਾਲ ਸਲੂਕ ਕਰਨਾਂ ਬਣਦਾ ਹੀ ਨਹੀਂ ਬਲਕਿ ਸਾਡੇ ਪੰਜਾਬ ਵਾਲਿਆਂ ਦਾ ਫਰਜ਼ ਵੀ ਹੈ। ਇਹ ਉਹੀ ਪੰਜਾਬੀ ਬਾਹਰੋਂ ਆਏ ਹੋਏ। ਜਿੰਨ੍ਹਾਂ ਦੀ?ਤੁਸੀਂ ਪੰਜਾਬ ਆਉਣ ਲਈ ਕਈ ਕਈ ਮਹੀਨੇ ਦੀ ਉਡੀਕ ਕਰਦੇ ਸੀ। ਆਇਆਂ ਨੂੰ ਅੱਖਾਂ ਦੀਆਂ ਪਲਕਾਂ ਤੇ ਬਿਠਾਉਂਦੇ ਸੀ। ਹੁਣ ਉਨ੍ਹਾਂ ਵਿਦੇਸ਼ਾਂ ਤੋਂ ਆਏ ਪੰਜਾਬੀਆਂ ਨੂੰ ਸ਼ੱਕ ਨਾਲ ਦੇਖਣਾ, ਮਿਹਨੇ ਮਾਰਨੇ ਸੋਭਾ ਨਹੀਂ ਦਿੰਦੇ । ਪ੍ਰਵਾਸੀ ਪੰਜਾਬੀ ਭਾਈਚਾਰਾ ਤੁਹਾਡੇ ਕੋਲੋਂ ਪਿਆਰ ਵਾਲੇ ਵਤੀਰੇ ਦੀ ਆਸ ਵੀ ਕਰਦਾ ਹੈ ਤੇ ਮੰਗ ਵੀ। ਬਾਹਰ ਬੈਠੇ ਹਰ ਪੰਜਾਬੀ ਦੇ ਦਿਲ ਦੀ ਇੱਛਾ ਦਿਨ ਰਾਤ ਏਹੋ ਹੀ ਹੁੰਦੀ ਹੈ ਕਿ ਪੰਜਾਬ ਤੋਂ ਹਮੇਸ਼ਾਂ ਠੰਢੀਆਂ ਹਵਾਵਾਂ ਦੇ ਬੁਲ੍ਹੇ ਹੀ ਆਉਣ। ਇਸ ਕਰਕੇ ਉਨ੍ਹਾਂ ਦੀ ਇਮਾਨਦਾਰੀ ਤੇ ਸਿਦਕ ਦਾ ਹੋਰ ਇਮਤਿਹਾਨ ਨਾਂ ਲਵੋਂ ਉਨ੍ਹਾਂ ਤੇ ਵਿਸ਼ਾਲ ਦਿਲ ਨਾਲ ਭਰੋਸਾ ਕਰੋ। ਪ੍ਰਵਾਸ ਵਿੱਚ ਰਹਿੰਦਿਆਂ ਇਨ੍ਹਾਂ ਵਿਦੇਸ਼ੀ ਪੰਜਾਬੀਆਂ ਨੇ ਦਿਨ ਰਾਤ ਮਿਹਨਤ ਕਰਕੇ ਆਪਣੇ ਪੰਜਾਬ ਦਾ ਵਤਨ ਦਾ ਨਾਮ ਰੋਸ਼ਨ ਕੀਤਾ ਹੈ। ਰਾਤੋ-ਰਾਤ ਇਹ ਪ੍ਰਵਾਸੀ ਪੰਜਾਬ ਸਿਖਰ ਦੇ ਟੰਬੇ ਤੇ ਨਹੀਂ ਪਹੁੰਚੇ। ਦਹਾਕਿਆਂ ਬਾਦ ਵੱਡੇ-ਵੱਡੇ ਅਹੁਦਿਆਂ ਤੇ ਆਪਣੀ ਯੋਗਤਾ ਤੇ ਗੁਰੂਆਂ ਦੀ ਰਹਿਮਤ ਨਾਲ ਹੀ ਪਹੁੰਚੇ ਹਨ। ਅੱਜ ਸਰਕਾਰੇ ਦਰਬਾਰੇ ਵਿਦੇਸ਼ਾਂ ਦੀ ਧਰਤੀ ਤੇ ਇਨ੍ਹਾਂ ਨੂੰ ਸਲਾਮਾਂ ਐਵੇਂ ਨਹੀਂ ਹੋ ਰਹੀਆਂ।

ਖੈਰ ਵੇਲਾ ਨਾਜ਼ੁਕ ਹੈ ਤੇ ਸੰਭਲਣ ਦਾ ਵੀ ਹੈ। ਸਮੇਂ ਦੀ ਭਿਆਨਕ ਕੋਰੋਨਾ ਵਾਇਰਸ (ਕੋਵਿਡ-19) ਤੋਂ ਮੁਨਕਰ ਤਾਂ ਨਹੀਂ ਹੋਇਆ ਜਾ ਸਕਦਾ । ਪਰ ਇਸ ‘ਚ ਇੱਕਲੇ ਪਰਵਾਸੀ ਪੰਜਾਬੀਆਂ ਦਾ ਹੀ ਕਸੂਰ ਨਹੀਂ। ਜੀ ਸਦਕੇ ਸਵੈ ਘੋਸ਼ਣਾ ਪੱਤਰ ਭਰਾਉ। ਸਵੈ -ਘੋਸ਼ਣਾ ਪੱਤਰ ਤਾਂ ਨਵੀਂ ਦਿੱਲੀ ਦੇ ਅੰਤਰ ਰਾਸ਼ਟਰੀ ਹਵਾਈ ਅੱਡੇ ਤੇ ਏਅਰ ਲਾਈਨ ਵਾਲੇ ਪਹਿਲਾਂ ਹੀ ਜਹਾਜ਼ ਉਤਰਨ ਤੋਂ ਭਰਵਾ ਲੈਂਦੇ ਹਨ। ਜਿਹੜਾ ਹਰ ਯਾਤਰੀ ਨੂੰ ਨਵੀਂ ਦਿਲੀ ਏਅਰਪੋਰਟ ਤੇ ਇਮੀਗਰੇਸ਼ਨ ਨੂੰ ਹੱਥੀਂ ਦੇਣਾ ਜਰੂਰੀ ਹੈ। ਉਸ ਤੋਂ ਪਹਿਲਾਂ ਕੋਰੋਨਾ ਦਾ ਸੰਖੇਪ ਟੈਸਟ ਵੀ। ਐਸੀਂ ਕੋਈ ਬਾਤ ਨਹੀਂ। ਇਸ ਭਿਆਨਕ ਬਿਮਾਰੀ ਨਾਲ ਨਜਿੱਠਣ ਦੇ ਤੌਰ ਤਰੀਕੇ ਅਪਣਾਓ। ਘਬਰਾਓ ਮੱਤ ! ਸਮਾਂ ਇਕੋ ਜਿਹਾ ਨਹੀਂ ਰਹਿੰਦਾ। ਸਰਕਾਰ ਦੀਆਂ ਹਦਾਇਤਾਂ ਦਾ ਪਾਲਣ ਕਰੋ। ਸੰਜਮ ਵਰਤੋ। ਆਪਣੀ ਸਿਹਤ ਦਾ ਖਿਆਲ ਰੱਖੋ। ਲੋੜਵੰਦਾਂ ਦੀ ਮਦਦ ਜ਼ਰੂਰ ਕਰੋ। ਅਖੀਰ ‘ਚ ਇਹੋ ਹੀ ਕਹਿਣਾ ਚਾਹੁੰਦੇ ਹਾਂ ਕਿ ਆਪਣਿਆਂ ਦੇ ਆਪਣੇ ਬਣੋ। ਪ੍ਰਵਾਸੀ ਹਰ ਤਰ੍ਹਾਂ ਤੁਹਾਡੇ ਨਾਲ ਖੜ੍ਹੇ ਵੀ ਹਨ ਤੇ ਖੜ੍ਹਨਗੇ ਵੀ। ਉਨ੍ਹਾਂ ਦੇ ਬੱਚੇ ਤਾਂ ਪਹਿਲਾਂ ਹੀ ਪੰਜਾਬ ਵੱਲ ਮੂੰਹ ਨਹੀਂ ਕਰ ਰਹੇ। ਕਿਤੇ ਅਜਿਹਾ ਵੀ ਨਾ ਹੋਵੇ ਅਸੀਂ ਬਾਹਰ ਬੈਠੇ ਪੰਜਾਬੀਆਂ ਨੂੰ ਏਨਾ ਹੀ ਵਿਸਾਰ ਦੇਈਏ ਕਿ ਉਹ ਵੀ ਪੰਜਾਬ ਵੱਲ ਮੂੰਹ ਹੀ ਨਾ ਕਰਨ। ਉਨ੍ਹਾਂ ਨੂੰ ਦਰਕਾਰ ਨਾ ਕਰੋ। ਸਰਬੱਤ ਦਾ ਭਲਾ ਮੰਗੋ।

- ਰਸ਼ਪਾਲ ਸਿੰਘ ਗਿੱਲ

# ਅਮਰੀਕਾ ਦਾ ਬੇਵਕਤ ਫੈਸਲਾ

ਅਮਰੀਕਾ ਕੋਰੋਨਾ ਵਿਸ਼ਾਣੂ ਨੂੰ ਦੁਨੀਆਂ ਭਰ ਵਿੱਚ ਫੈਲਾਉਣ ਦਾ ਦੋਸ਼ੀ ਚੀਨ ਨੂੰ ਕਰਾਰ ਦਿੰਦਾ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕਈ ਵਾਰ ਦੋਹਰਾ ਚੁੱਕੇ ਹਨ ਕਿ ਚੀਨ ਨੂੰ ਇਸ ਦਾ ਦੰਡ ਭੁਗਤਣਾ ਪਵੇਗਾ। ਹੁਣ ਉਨ੍ਹਾਂ ਨੇ ਵਿਸ਼ਵ ਸਿਹਤ ਸੰਗਠਨ ਨੂੰ ਵੀ ਇਸ ਦੇ ਲਈ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਨੇ ਕਿਹਾ ਕਿ ਵਿਸ਼ਵ ਸਿਹਤ ਸੰਗਠਨ ਨੇ ਚੀਨ ਦੀਆਂ ਗਲਤੀਆਂ ’ਤੇ ਪਰਦਾ ਪਾਈ ਰੱਖਿਆ ਅਤੇ ਸਮਾਂ ਰਹਿੰਦਿਆਂ ਉਸ ਨੇ ਦੁਨੀਆਂ ਨੂੰ ਚਿਤਾਵਨੀ ਜਾਰੀ ਨਹੀਂ ਕੀਤੀ ਜਿਸ ਦੇ ਕਾਰਨ ਇਸ ਦੀ ਲਾਗ ਸਭ ਜਗ੍ਹਾ ਫੈਲ ਗਈ ਅਤੇ ਪੂਰੀ ਦੁਨੀਆਂ ਨੂੰ ਆਰਥਿਕ ਸੰਕਟ ਦੇ ਦੌਰ ਵਿੱਚੋਂ ਗੁਜ਼ਰਨਾ ਪਵੇਗਾ। ਟਰੰਪ ਨੇ ਹੁਣ ਆਦੇਸ਼ ਦੇ ਦਿੱਤਾ ਹੈ ਕਿ ਜਦੋਂ ਤੱਕ ਕੋਰੋਨਾ ਲਾਗ ਦੇ ਮਾਮਲੇ ਵਿੱਚ ਵਿਸ਼ਵ ਸਿਹਤ ਸੰਗਠਨ ਦੀ ਭੂਮਿਕਾ ਦੀ ਜਾਂਚ ਨਹੀਂ ਹੋ ਜਾਂਦੀ, ਉਦੋਂ ਤੱਕ ਉਸ ਨੂੰ ਕੋਈ ਸਹਾਇਤਾ ਨਹੀਂ ਦਿੱਤੀ ਜਾਵੇਗੀ। ਵਰਨਣਯੋਗ ਹੈ ਕਿ ਅਮਰੀਕਾ ਸਭ ਤੋਂ ਜ਼ਿਆਦਾ ਧੰਨ ਰਾਸ਼ੀ ਵਿਸ਼ਵ ਸਿਹਤ ਸੰਗਠਨ ਨੂੰ ਦਿੰਦਾ ਹੈ। 45 ਤੋਂ 50 ਕਰੋੜ ਡਾਲਰ ਉਹ ਇਕੱਲਾ ਦਿੰਦਾ ਹੈ ਜਦਕਿ ਚੀਨ ਸਿਰਫ ਚਾਰ ਤੋਂ ਸਾਢੇ ਚਾਰ ਕਰੋੜ ਡਾਲਰ ਦਿੰਦਾ ਹੇ। ਬਾਕੀ ਦੇਸ਼ ਬਹੁਤ ਘਟ ਰਕਮ ਦਿੰਦੇ ਹਨ। ਇਸ ਤਰ੍ਹਾਂ ਅਮਰੀਕਾ ਦੇ ਇਸ ਕਦਮ ਨਾਲ ਕੋਰੋਨਾ ਵਿਸ਼ਾਣੂ ਤੋਂ ਪਾਰ ਪਾਉਣ ਦੀਆਂ ਵਿਸ਼ਵ ਸਿਹਤ ਸੰਗਠਨ ਦੀਆਂ ਕੋਸ਼ਿਸ਼ਾਂ ਰੁਕਣ ਦਾ ਖਤਰਾ ਪੈਦਾ ਹੋ ਗਿਆ ਹੈ। ਸੁਭਾਵਿਕ ਹੀ ਟਰੰਪ ਸਰਕਾਰ ਦੇ ਇਸ ਫੈਸਲੇ ਉਤੇ ਪ੍ਰਤੀਕੂਲ ਪ੍ਰਤੀਕ੍ਰਿਆਵਾਂ ਆ ਰਹੀਆਂ ਹਨ। ਸੰਯੁਕਤ ਰਾਸ਼ਟਰ ਨੇ ਕਿਹਾ ਹੈ ਕਿ ਅਮਰੀਕੀ ਪ੍ਰਸ਼ਾਸਨ ਦਾ ਇਹ ਕਦਮ ਕੋਰੋਨਾ ਦੇ ਖਿਲਾਫ ਲੜਨ ਵਿੱਚ ਰੁਕਾਵਟ ਪੈਦਾ ਕਰੇਗਾ। ਅਮਰੀਕੀ ਉਦਯੋਗਪਤੀ ਬਿਲ ਗੇਟਸ ਨੇ ਵੀ ਇਸ ਕਦਮ ਦੀ ਨਿੰਦਾ ਕਰਦੇ ਹੋਏ ਕਿਹਾ ਹੈ ਕਿ ਇਸ ਸਮੇਂ ਜਦੋਂ ਵਿਸ਼ਵ ਸਿਹਤ ਸੰਗਠਨ ਨੂੰ ਜ਼ਿਆਦਾ ਵਿੱਤੀ ਮਦਦ ਦੀ ਲੋੜ ਹੈ, ਅਮਰੀਕਾ ਸਰਕਾਰ ਆਪਣੇ ਯੋਗਦਾਨ ’ਤੇ ਰੋਕ ਲਗਾ ਕੇ ਠੀਕ ਨਹੀਂ ਕਰ ਰਹੀ। ਇਸ ਸਮੇਂ ਸਿਹਤ ਸੰਗਠਨ ਦੀਆਂ ਸੇਵਾਵਾਂ ਦਾਅ ’ਤੇ ਲਗਾ ਦਿੱਤੀਆਂ ਗਈਆਂ ਹਨ। ਹੁਣ ਤੱਕ ਦੁਨੀਆਂ ਭਰ ਵਿੱਚ ਕੋਰੋਨਾ ਦੀ ਲਾਗ ਵਾਲੇ ਲੋਕਾਂ ਦੀ ਗਿਣਤੀ 25 ਲੱਖ ਨੂੰ ਪਾਰ ਕਰ ਚੁੱਕੀ ਹੈ ਅਤੇ ਇਸ ਦੇ ਚਲਦਿਆਂ ਸਵਾ ਲੱਖ ਤੋਂ ਉਪਰ ਮਾਰੇ ਜਾ ਚੁੱਕੇ ਹਨ। ਹਾਲੇ ਇਸ ਦੇ ਚੱਕਰ ਨੂੰ ਤੋੜਨ ਦਾ ਕੋਈ ਕਾਰਗਰ ਉਪਾਅ ਕਿਸੇ ਨੂੰ ਨਜ਼ਰ ਨਹੀਂ ਆ ਰਿਹਾ। ਇਸ ਸਮੇਂ ਅਮਰੀਕਾ ਵਿੱਚ ਇਸ ਦੀ ਲਾਗ ਅਤੇ ਇਸ ਤੋਂ ਹੋਣ ਵਾਲੀਆਂ ਮੌਤਾਂ ਸਭ ਤੋਂ ਜ਼ਿਆਦਾ ਦਰਜ ਹੋ ਰਹੀਆਂ ਹਨ, ਅਮਰੀਕੀ ਪ੍ਰਸ਼ਾਸਨ ’ਤੇ ਇਸ ਨਾਲ ਨਿਪਟਣ ਦਾ ਦਬਾਅ ਕਾਫੀ ਹੈ। ਉਥੋਂ ਦੀ ਅਰਥ ਵਿਵਸਥਾ ਪੂਰੀ ਤਰ੍ਹਾਂ ਚੌਪਟ ਹੋ ਚੁੱਕੀ ਹੈ। ਅਜਿਹੇ ਵਿੱਚ ਅਮਰੀਕੀ ਪ੍ਰਸ਼ਾਸਨ ਦੀ ਹਿਚਕਚਾਹਟ ਸਮਝੀ ਜਾ ਸਕਦੀ ਹੈ। ਇਹ ਸਹੀ ਹੈ ਕਿ ਕੋਰੋਨਾ ਦਾ ਪ੍ਰਸਾਰ ਚੀਨ ਦੇ ਵੂਹਾਨ ਤੋਂ ਸ਼ੁਰੂ ਹੋਇਆ ਸੀ ਅਤੇ ਸਮੇਂ ਰਹਿੰਦਿਆਂ ਜੇਕਰ ਰੋਕਥਾਮ ਦੇ ਉਪਾਅ ਕੀਤੇ ਗਏ ਹੁੰਦੇ, ਤੱਥਾਂ ਨੂੰ ਦੁਨੀਆਂ ਤੋਂ ਨਾ ਲੁਕਾਇਆ ਗਿਆ ਹੁੰਦਾ ਅਤੇ ਤਮਾਮ ਦੇਸ਼ਾਂ ਨੂੰ ਅਹਿਤਿਆਤੀ ਉਪਾਅ ਕਰਨ ਦੀ ਚਿਤਾਵਨੀ ਦੇ ਦਿੱਤੀ ਗਈ ਹੁੰਦੀ, ਤਾਂ ਅੱਜ ਇਹ ਮਹਾਂਮਾਰੀ ਦਾ ਰੂਪ ਸ਼ਾਇਦ ਨਾ ਲੈ ਪਾਉਂਦਾ। ਪਰ ਚੀਨ ਜਾਂ ਵਿਸ਼ਵ ਸਿਹਤ ਸੰਗਠਨ ਨੂੰ ਇਸ ਦੇ ਲਈ ਸਜ਼ਾ ਦੇਣ ਦਾ ਇਹ ਸਮਾਂ ਨਹੀਂ ਹੈ। ਸਿਹਤ ਸੰਗਠਨ ਦਾ ਪੈਸਾ ਰੋਕ ਕੇ ਚੀਨ ਨੂੰ ਸਬਕ ਸਿਖਾਉਣ ਦਾ ਫੈਸਲਾ ਅਮਰੀਕਾ ਦੇ ਤੱਤਕਾਲੀ ਰੋਸ਼ ਨੂੰ ਠੰਡਾ ਬੇਸ਼ੱਕ ਕਰ ਦੇਵੇ, ਪਰ ਇਸ ਦੇ ਭਿਆਨਕ ਨਤੀਜੇ ਪੂਰੀ ਦੁਨੀਆਂ ਨੂੰ ਭੁਗਤਣੇ ਪੈਣਗੇ। ਦੇਖਣਾ ਹੈ ਕਿ ਅਮਰੀਕੀ ਪ੍ਰਸ਼ਾਸਨ ਇਸ ਉਤੇ ਦੁਬਾਰਾ ਵਿਚਾਰ ਕਰਦਾ ਹੈ ਜਾਂ ਨਹੀਂ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X

ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰੇਸਪੌਂਡੈਂਸ :
ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ

**Published by Punjabi Duniya.com LLC**
(A Division of Media Partners Capital , Inc.)

**Address :**
**P.O Box 7005 Hicksville New York 11801**

Phone: 917 612 3158 TelFax : 516 342 1076
punjabiduniya@gmail.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# Steps to help prevent the spread of COVID-19 if you are sick

**FOLLOW THE STEPS BELOW:** If you are sick with COVID-19 or think you might have it, follow the steps below to help protect other people in your home and community.

## Stay home except to get medical care



- **Stay home:** People who are mildly ill with COVID-19 are able to recover at home. Do not leave, except to get medical care. Do not visit public areas.
- **Stay in touch with your doctor.** Call before you get medical care. Be sure to get care if you feel worse or you think it is an emergency.
- **Avoid public transportation:** Avoid using public transportation, ride-sharing, or taxis.

## Separate yourself from other people in your home, this is known as home isolation



- **Stay away from others:** As much as possible, you should stay in a specific "sick room" and away from other people in your home. Use a separate bathroom, if available.
- **Limit contact with pets & animals:** You should restrict contact with pets and other animals, just like you would around other people.
  - Although there have not been reports of pets or other animals becoming sick with COVID-19, it is still recommended that people with the virus limit contact with animals until more information is known.
  - When possible, have another member of your household care for your animals while you are sick with COVID-19. If you must care for your pet or be around animals while you are sick, wash your hands before and after you interact with them. See COVID-19 and Animals for more information.

## Call ahead before visiting your doctor



- **Call ahead:** If you have a medical appointment, call your doctor's office or emergency department, and tell them you have or may have COVID-19. This will help the office protect themselves and other patients.

## Wear a facemask if you are sick



- **If you are sick:** You should wear a facemask when you are around other people and before you enter a healthcare provider's office.
- **If you are caring for others:** If the person who is sick is not able to wear a facemask (for example, because it causes trouble breathing), then people who live in the home should stay in a different room. When caregivers enter the room of the sick person, they should wear a facemask. Visitors, other than caregivers, are not recommended.

## Cover your coughs and sneezes



- **Cover:** Cover your mouth and nose with a tissue when you cough or sneeze.
- **Dispose:** Throw used tissues in a lined trash can.
- **Wash hands:** Immediately wash your hands with soap and water for at least 20 seconds. If soap and water are not available, clean your hands with an alcohol-based hand sanitizer that contains at least 60% alcohol.

## Clean your hands often



- **Wash hands:** Wash your hands often with soap and water for at least 20 seconds. This is especially important after blowing your nose, coughing, or sneezing; going to the bathroom; and before eating or preparing food.
- **Hand sanitizer:** If soap and water are not available, use an alcohol-based hand sanitizer with at least 60% alcohol, covering all surfaces of your hands and rubbing them together until they feel dry.
- **Soap and water:** Soap and water are the best option, especially if hands are visibly dirty.
- **Avoid touching:** Avoid touching your eyes, nose, and mouth with unwashed hands.

## Avoid sharing personal household items



- **Do not share:** Do not share dishes, drinking glasses, cups, eating utensils, towels, or bedding with other people in your home.

DEPARTMENT OF HEALTH & HUMAN SERVICES · USA
CDC

**cdc.gov/COVID19**

CS 316120-A 03/20/2020



# ਭਾਰਤ, ਪੱਛਮੀ ਏਸ਼ੀਆ ਤੇ ਤੇਲ ਦੀ ਸਿਆਸਤ

ਸਾਡੇ ਪੱਛਮੀ ਗੁਆਂਢ ਦੀ ਭੂਗੋਲਿਕ-ਸਿਆਸਤ ਜਿਹੜੀ ਕੌਮਾਂਤਰੀ ਤੇ ਖਿੱਤੇ ਦੇ ਸਿਆਸੀ ਸਬੰਧਾਂ ਉਪਰ ਅਹਿਮ ਪ੍ਰਭਾਵ ਪਾਉਂਦੀ ਰਹੀ ਹੈ, ਅੱਜ ਵੀ ਸ਼ੀਆ-ਸੁੰਨੀ ਫ਼ਿਰਕਿਆਂ ਅਤੇ ਅਰਬ-ਇਰਾਨ-ਇਜ਼ਰਾਈਲ ਤਹਿਜ਼ੀਬਾਂ ਦੀਆਂ ਦੁਸ਼ਮਣੀਆਂ ਦੇ ਗਲਬੇ ਹੇਠ ਹੈ। ਉਂਜ, ਭਾਰਤ ਨੂੰ ਹੁਣ ਉਸ ਤਰ੍ਹਾਂ ਦੇ ਹਾਲਾਤ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ, ਜਿਸ ਵਿੱਚੋਂ ਇਸ ਨੂੰ ਕਰੀਬ ਸਾਢੇ ਚਾਰ ਦਹਾਕੇ ਪਹਿਲਾਂ, 1973 ਵਿੱਚ ਅਰਬ-ਇਜ਼ਰਾਈਲ ਜੰਗ ਸਮੇਂ ਗੁਜ਼ਰਨਾ ਪਿਆ ਸੀ। ਉਸ ਸਮੇਂ ਸਾਊਦੀ ਅਰਬ ਦੀ ਅਗਵਾਈ ਵਾਲੇ ਤੇਲ ਬਰਾਮਦਕਾਰ ਅਰਬ ਮੁਲਕਾਂ ਦੇ ਸੰਗਠਨ ਓਪੈਕ (ਆਰਗੇਨਾਈਜੇਸ਼ਨ ਆਫ ਅਰਬ ਪੈਟਰੋਲੀਅਮ ਆਇਲ ਐਕਸਪੋਰਟਿੰਗ ਕੰਟਰੀਜ਼) ਨੇ ਅਮਰੀਕਾ, ਕੈਨੇਡਾ, ਬਰਤਾਨੀਆ, ਜਾਪਾਨ, ਨੀਦਰਲੈਂਡਜ਼ ਨੂੰ ਇਜ਼ਰਾਈਲ ਸਮਰਥਕ ਮੰਨਦਿਆਂ ਇਨ੍ਹਾਂ ਮੁਲਕਾਂ ਨੂੰ ਤੇਲ ਦੀ ਸਪਾਲਈ ਰੋਕ ਕੇ ਹਲੂਣ ਦਿੱਤਾ ਸੀ। ਉਸ ਸਮੇਂ ਪਹਿਲਾਂ ਹੀ ਲੜਖੜਾ ਰਹੀ ਭਾਰਤ ਦੀ ਆਰਥਿਕ ਹਾਲਤ ਹੋਰ ਡਾਵਾਂਡੋਲ ਹੋ ਗਈ ਸੀ ਕਿਉਂਕਿ ਕੱਚੇ ਤੇਲ ਦੀ ਕੀਮਤ 3 ਡਾਲਰ ਫ਼ੀ ਬੈਰਲ ਤੋਂ ਉੱਛਲ ਕੇ 43 ਡਾਲਰ ਪ੍ਰਤੀ ਬੈਰਲ ਹੋ ਗਈ ਸੀ। ਸਾਊਦੀ ਅਰਬ ਨੇ ਭਾਰਤ ਨੂੰ ਚਿਤਾਵਨੀ ਦਿੱਤੀ ਸੀ ਕਿ ਉਸ ਨੇ ਮੁੰਬਈ ਸਥਿਤ ਇਜ਼ਰਾਇਲੀ ਕੌਂਸਲੇਟ ਬੰਦ ਨਾ ਕੀਤਾ ਤਾਂ ਉਸ ਨੂੰ ਅਰਬ ਮੁਲਕਾਂ ਦੇ ਤੇਲ ਬਾਈਕਾਟ ਦਾ ਸਾਹਮਣਾ ਕਰਨਾ ਪਏਗਾ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਸ ਧਮਕੀ ਅੱਗੇ ਝੁਕਣ ਤੋਂ ਇਨਕਾਰ ਦਿੱਤਾ ਸੀ। ਭਾਰਤ ਉਪਰ ਅਜਿਹੇ ਹਾਲਾਤ ਦਾ ਮਾੜਾ ਅਸਰ ਇਸ ਕਰ ਕੇ ਨਹੀਂ ਪਿਆ ਕਿ ਉਸ ਸਮੇਂ ਇਰਾਨ ਦੇ ਸ਼ਾਹ ਦੇ ਇਜ਼ਰਾਈਲ ਨਾਲ ਸਬੰਧ ਸੁਖਾਵੇਂ ਹੋਣ ਕਾਰਨ ਉਹ ਭਾਰਤ ਦੀ 'ਮਦਦ' ਉੱਤੇ ਆ ਗਿਆ ਸੀ, 'ਬੰਬੇ ਹਾਈ' ਸਥਾਨ 'ਤੇ ਸਮੁੰਦਰ ਵਿੱਚ ਭਾਰਤ ਨੇ ਤੇਲ ਤੇ ਗੈਸ ਦਾ ਭੰਡਾਰ ਲੱਭ ਲਿਆ ਸੀ ਅਤੇ ਸੋਵੀਅਤ ਸੰਘ ਨੇ ਵੀ ਤੇਲ ਦੀ ਸਪਲਾਈ ਸ਼ੁਰੂ ਕਰ ਦਿੱਤੀ ਸੀ।ਚਾਰ ਦਹਾਕੇ ਬੀਤਣ ਬਾਅਦ ਹੁਣ ਕੌਮਾਂਤਰੀ ਪੱਧਰ 'ਤੇ ਭੂਗੋਲਿਕ ਸਿਆਸੀ ਅਤੇ ਤੇਲ ਤੇ ਗੈਸ ਦੇ ਭੰਡਾਰਾਂ ਦੀ ਹਾਲਤ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਅਮਰੀਕਾ ਤੇ ਕੈਨੇਡਾ ਵੱਲੋਂ ਗ਼ੈਰ-ਕੁਦਰਤੀ (ਸਨਅਤੀ) ਤਰੀਕੇ ਨਾਲ ਤੇਲ ਤੇ ਗੈਸ ਤਿਆਰ ਕਰਨ, ਵੈਨੇਜ਼ੁਏਲਾ ਵਿੱਚ ਤੇਲ ਦਾ ਭੰਡਾਰ ਮਿਲਣ, ਅਰਜਨਟੀਨਾ ਵਿੱਚ ਗ਼ੈਰ-ਕੁਦਰਤੀ ਤੇਲ ਤੇ ਗੈਸ ਦੇ ਭੰਡਾਰ ਅਜੇ ਉਂਜ ਹੀ ਪਏ ਹੋਣ ਅਤੇ ਮੈਕਸਿਕੋ ਤੋਂ ਸੰਸਾਰ ਨੂੰ ਤੇਲ ਦੀ ਸਪਲਾਈ ਸ਼ੁਰੂ ਹੋਣ ਕਾਰਨ, ਉੱਤਰੀ ਅਮਰੀਕਾ ਤੇ ਯੂਰੋਪ ਦੇ ਕੁਝ ਹਿੱਸੇ ਤੇਲ ਦੇ ਨਾਂ ਉਪਰ ਬਲੈਕਮੇਲ ਕੀਤੇ ਜਾਣ ਤੋਂ ਮਹਿਫ਼ੂਜ਼ ਹੋ ਗਏ ਹਨ। ਇਸ ਦੇ ਨਾਲ ਹੀ ਰੂਸ ਵੀ ਯੂਰੋਪ ਤੇ ਯੂਰੇਸ਼ੀਆ ਨੂੰ ਉਨ੍ਹਾਂ ਦੀ ਮੰਗ ਅਨੁਸਾਰ ਤੇਲ ਤੇ ਗੈਸ ਦੀ ਸਪਲਾਈ ਕਰ ਰਿਹਾ ਹੈ। ਸਾਊਦੀ ਅਰਬ ਹੁਣ ਤੇਲ ਤੇ ਗੈਸ ਦੇ ਸੰਸਾਰ ਭਰ ਵਿੱਚ ਸਪਲਾਈ ਕੰਟਰੋਲ ਲਈ ਰੂਸ ਦਾ ਸਹਿਯੋਗ ਮੰਗਣ ਵਾਸਤੇ ਮਜਬੂਰ ਹੈ। ਤੇਲ ਕੀਮਤਾਂ ਜਿਹੜੀਆਂ ਕਿਸੇ ਸਮੇਂ 130 ਡਾਲਰ ਪ੍ਰਤੀ ਬੈਰਲ ਛੂਹ ਗਈਆਂ ਸਨ, 30 ਡਾਲਰ ਪ੍ਰਤੀ ਬੈਰਲ ਤੱਕ ਡਿੱਗਣ ਬਾਅਦ ਹੁਣ ਕਰੀਬ 60-70 ਡਾਲਰ ਪ੍ਰਤੀ ਬੈਰਲ ਨੇੜੇ ਹਨ। ਅਰਬ-ਪਰਸ਼ੀਅਨ ਖਾੜੀ ਮੁਲਕਾਂ ਤੋਂ ਸਭ ਤੋਂ ਜ਼ਿਆਦਾ ਤੇਲ ਪ੍ਰਤੀ ਦਿਨ 8.4 ਮਿਲੀਅਨ ਪ੍ਰਤੀ ਬੈਰਲ ਚੀਨ, 4.4 ਮਿਲੀਅਨ ਪ੍ਰਤੀ ਬੈਰਲ ਭਾਰਤ ਅਤੇ 3.4 ਮਿਲੀਅਨ ਪ੍ਰਤੀ ਬੈਰਲ ਜਾਪਾਨ ਨੂੰ ਸਪਲਾਈ ਕੀਤਾ ਜਾ ਰਿਹਾ ਹੈ। ਅਰਬ ਖਾੜੀ ਮੁਲਕਾਂ ਜਿਹੜੇ ਸਭ ਤੋਂ ਵੱਡੇ ਤੇਲ ਸਪਲਾਇਰ ਹਨ, ਨੂੰ ਇਰਾਨ ਦੇ ਮੁੜ ਉਭਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਰਾਨ ਉਪਰ ਹੁਣ ਪੱਛਮੀ ਮੁਲਕਾਂ ਦੀ ਅਗਵਾਈ ਵਾਲੀਆਂ ਕੌਮਾਂਤਰੀ ਰੋਕਾਂ ਤੋਂ ਮੁਕਤੀ ਮਿਲੀ ਹੋਈ ਹੈ। ਇਹ ਵੀ ਸਚਾਈ ਹੈ ਕਿ ਇਰਾਨ ਚੁੱਪ-ਚਾਪ ਤੇਲ ਤੇ ਗੈਸ ਨਾਲ ਭਰਪੂਰ ਖਾੜੀ ਖਿੱਤੇ ਵਿੱਚ ਆਪਣੀ ਸਰਦਾਰੀ ਕਾਇਮ ਕਰਨ ਲਈ ਯਤਨਸ਼ੀਲ ਹੈ।

ਤੇਲ ਤੇ ਗੈਸ ਦੇ ਖਜ਼ਾਨੇ ਨਾਲ ਭਰਪੂਰ ਸਾਡੇ ਪੱਛਮੀ ਗੁਆਂਢ ਦੇ ਰਣਨੀਤਕ ਹਾਲਾਤ ਪਹਿਲਾਂ ਨਾਲੋਂ ਬਹੁਤ ਭਿੰਨ ਹਨ। ਇਰਾਨ ਦੇ ਇਸਲਾਮਿਕ ਗਣਰਾਜ ਬਣਨ ਬਾਅਦ ਇਸ ਦੇ ਇਜ਼ਰਾਈਲ ਨਾਲ ਸਬੰਧ ਬੇਹੱਦ ਖਰਾਬ ਹੋ ਚੁੱਕੇ ਹਨ। ਇਜ਼ਰਾਈਲ ਦੀ ਇਰਾਨ ਨਾਲ ਦੁਸ਼ਮਣੀ ਕਿਸੇ ਤੋਂ ਲੁਕੀ-ਛੁਪੀ ਨਹੀਂ। ਬਦਲੇ ਵਿਚ ਇਰਾਨ, ਇਜ਼ਰਾਈਲ ਪ੍ਰਤੀ ਗ਼ੈਰ-ਜ਼ਿੰਮੇਵਾਰ ਵਿਹਾਰ ਦਾ ਪ੍ਰਗਟਾਵਾ ਕਰਦਿਆਂ ਕੱਟੜ ਫ਼ਲਸਤੀਨੀ ਧੜੇ ਹਮਾਸ ਦੀ ਮਦਦ ਕਰ ਰਿਹਾ ਹੈ; ਇਥੋਂ ਤੱਕ ਕਿ ਇਜ਼ਰਾਈਲ ਨੂੰ ਤਬਾਹ ਕਰਨ ਦਾ ਸੱਦਾ ਦੇ ਰਿਹਾ ਹੈ। ਇਰਾਨ ਅਰਬ ਜਗਤ ਅੰਦਰ ਸੱਤਾ ਦਾ ਸੰਤੁਲਨ ਬਦਲਣ 'ਤੇ ਜ਼ੋਰ ਦਿੰਦਾ ਹੋਇਆ ਸਾਬਕਾ ਸਾਊਦੀ ਬਾਦਸ਼ਾਹ ਅਬਦੁੱਲਾ ਨੂੰ ਗੁੱਸੇ ਨਾਲ ਭਰ ਰਿਹਾ ਹੈ। ਉਸ ਨੇ ਅਮਰੀਕੀ ਕਮਾਂਡਰ ਪੈਟ੍ਰੋਔਸ ਨੂੰ ਸੱਦਾ ਦਿੱਤਾ ਹੈ ਕਿ ਉਹ ਸੱਪ (ਅਬਦੁਲ) ਦੀ ਸਿਰੀ ਫੇਹ ਦੇਵੇ। ਸਾਊਦੀ ਅਰਬ ਦਾ ਉੱਭਰ ਰਹੇ ਸ਼ਹਿਜ਼ਾਦੇ ਸਲਮਾਨ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਕਿਹਾ ਹੈ ਕਿ ਉਹ ਉਸ ਉਪਰ ਮੁੜ ਆਰਥਿਕ ਪਾਬੰਦੀਆਂ ਆਇਦ ਕਰੇ। ਸਾਡੇ ਪੱਛਮੀ ਗੁਆਂਢ ਵਿੱਚ ਮੁੜ ਤਣਾਅ ਉਭਰਨ ਵਾਲਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਯਤਨਾਂ ਸਦਕਾ ਭਾਰਤ ਦੇ ਅਰਬ ਮੁਲਕਾਂ, ਖਾਸ ਕਰ ਕੇ ਸਾਊਦੀ ਅਰਬ ਤੇ ਸੰਯੁਕਤ ਅਰਬ ਅਮੀਰਾਤ (ਯੂਏਈ) ਨਾਲ ਸਬੰਧ ਸੁਧਰੇ ਹਨ। ਸਾਊਦੀ ਅਰਬ ਨੇ ਆਪਣੀ ਧਰਤੀ ਉਪਰਲੇ ਅਸਮਾਨ 'ਚੋਂ ਏਅਰ ਇੰਡੀਆ ਨੂੰ ਇਜ਼ਰਾਈਲ ਲਈ ਉਡਾਣਾਂ ਭਰਨ ਦੀ ਇਜਾਜ਼ਤ ਦੇ ਦਿੱਤੀ ਹੈ।

ਅਜਿਹੇ ਘਟਨਾਚੱਕਰਾਂ ਦੇ ਬਾਵਜੂਦ ਤੇਲ ਭਰਪੂਰ ਖਾੜੀ ਖੇਤਰ ਦੇ ਹਾਲਾਤ ਤਣਾਅ ਭਰੇ ਹਨ। ਸਾਊਦੀ ਅਰਬ ਗੁਆਂਢੀ ਮੁਲਕ ਯਮਨ ਵਿੱਚ ਦਖ਼ਲ ਦੇ ਰਿਹਾ ਹੈ। ਯਮਨ ਦੇ ਇਰਾਨੀ ਸਰਪ੍ਰਸਤੀ ਵਾਲੇ ਬਾਗ਼ੀਆਂ ਉੱਪਰ ਹਮਲੇ ਕੀਤੇ ਜਾ ਰਹੇ ਹਨ ਜਿਨ੍ਹਾਂ ਕਾਰਨ ਹਜ਼ਾਰਾਂ ਨਿਰਦੋਸ਼ ਮਾਰੇ ਜਾ ਚੁੱਕੇ ਹਨ। ਇਸਲਾਮੀ ਦੁਨੀਆਂ ਅੰਦਰ ਸ਼ੀਆ-ਸੁੰਨੀ ਦੁਸ਼ਮਣੀਆਂ ਵੀ ਛੁਪੀਆਂ ਹੋਈਆਂ ਨਹੀਂ। ਇਰਾਕ ਵਿੱਚ ਅਮਰੀਕੀ ਦਖ਼ਲ ਨਾਲ ਸ਼ੀਆ ਬਹੁ-ਗਿਣਤੀ ਦਾ ਰਾਜ ਕਾਇਮ ਹੋਇਆ, ਜਿਸ ਦੇ ਪ੍ਰਭਾਵ ਨੂੰ ਸੀਰੀਆ ਵਿੱਚ ਟਾਲਣਾ ਸੰਭਵ ਨਹੀਂ ਕਿਉਂਕਿ ਉੱਥੇ ਸ਼ੀਆ ਘੱਟ-ਗਿਣਤੀ ਦਾ ਆਗੂ ਅਸਦ, ਸੁੰਨੀ ਬਹੁ-ਗਿਣਤੀ 'ਤੇ ਰਾਜ ਕਰ ਰਿਹਾ ਹੈ ਤੇ ਉਸ ਨੂੰ ਇਰਾਨ ਦੀ ਸਰਪ੍ਰਸਤੀ ਤੇ ਰੂਸ ਦੀ ਸਿੱਧੀ ਹਮਾਇਤ ਹਾਸਲ ਹੈ। ਭਾਰਤ ਸਿਆਣਪ ਦਿਖਾਉਂਦਾ ਹੋਇਆ ਅਜਿਹੀ ਦੁਸ਼ਮਣੀ ਵਾਲੇ ਮਾਹੌਲ ਤੋਂ ਦੂਰ ਰਹਿੰਦਾ ਆ ਰਿਹਾ ਹੈ। ਇਰਾਕ ਇਸ ਵੇਲੇ ਭਾਰਤ ਨੂੰ ਸਭ ਤੋਂ ਵੱਧ ਤੇਲ ਸਪਲਾਈ ਕਰਨ ਵਾਲਾ ਮੁਲਕ ਹੈ ਅਤੇ ਇਹ ਇਸ ਪੱਖੋਂ ਇਰਾਨ, ਸਾਊਦੀ ਅਰਬ ਨੂੰ ਪਿੱਛੇ ਛੱਡ ਰਿਹਾ ਹੈ।

ਸਾਊਦੀ ਅਰਬ ਅਤੇ ਇਰਾਨ ਵਿੱਚ ਤਿੱਖੀ ਦੁਸ਼ਮਣੀ ਅਤੇ ਟਰੰਪ ਪ੍ਰਸ਼ਾਸਨ ਵੱਲੋਂ ਇਰਾਨ ਉਪਰ ਮੁੜ ਪਾਬੰਦੀਆਂ ਲਾਉਣ ਦੀ ਸੰਭਾਵਨਾ ਨੂੰ ਦੇਖਦਿਆਂ ਭਾਰਤ ਨੂੰ ਆਪਣੇ ਪੱਛਮੀ ਗੁਆਂਢ ਲਈ ਰਸਤਾ ਬਹੁਤ ਧਿਆਨਪੂਰਵਕ ਚੁਣਨਾ ਹੋਵੇਗਾ। ਅਰਬ ਖਾੜੀ ਮੁਲਕਾਂ ਵਿੱਚ ਵੱਸਦੇ 70 ਲੱਖ ਭਾਰਤੀਆਂ ਦੀ ਸੁਰੱਖਿਆ ਤੇ ਭਲਾਈ ਨੂੰ ਤਰਜੀਹ ਦੇਣੀ ਹੋਵੇਗੀ। ਇਰਾਕ ਜਿਸ ਦੇ ਭਵਿੱਖ ਵਿੱਚ ਵੀ ਭਾਰਤ ਨੂੰ ਸਭ ਤੋਂ ਵੱਧ ਤੇਲ ਸਪਲਾਈ ਕਰਨ ਵਾਲਾ ਮੁਲਕ ਬਣੇ ਰਹਿਣ ਦੀ ਸੰਭਾਵਨਾ ਹੈ, ਸਮੇਤ ਸਾਰੇ ਅਰਬ ਮੁਲਕ ਸਾਡੇ ਧਿਆਨ ਦਾ ਮੁੱਖ ਕੇਂਦਰ ਬਣੇ ਰਹਿਣੇ ਚਾਹੀਦੇ ਹਨ। ਇਸ ਦੇ ਨਾਲ ਹੀ ਇਰਾਨ ਨਾਲ ਸਾਂਝ ਦੇ ਨਾਲ ਨਾਲ ਆਰਥਿਕ ਸਹਿਯੋਗ ਬਣਾਈ ਰੱਖਣ ਦੇ ਯਤਨ ਵੀ ਰਹਿਣੇ ਚਾਹੀਦੇ ਹਨ। ਭਾਰਤ ਨੂੰ ਸਾਊਦੀ ਅਰਬ, ਯੂਏਈ ਤੇ ਓਮਾਨ ਨਾਲ ਸਬੰਧਾਂ ਉਪਰ ਵੀ ਯਤਨ ਜਾਰੀ ਰੱਖਣੇ ਹੋਣਗੇ। ਭਾਰਤ ਨੂੰ ਤੇਲ ਸਪਲਾਈ ਦੇ ਮਾਮਲੇ ਵਿੱਚ ਇਰਾਨ ਦਾ ਤੀਜਾ ਸਥਾਨ ਬਣਿਆ ਰਹੇਗਾ ਪਰ ਇਸ ਦੀ ਮਾਤਰਾ ਪਹਿਲਾਂ ਨਾਲੋਂ ਘੱਟ ਨਜ਼ਰ ਆ ਰਹੀ ਹੈ। ਇਰਾਨ ਭਾਰਤ ਨਾਲ ਤੇਲ ਤੇ ਗੈਸ ਖੋਜਣ ਦੇ ਪ੍ਰਾਜੈਕਟਾਂ ਉਪਰ ਵੀ ਪੂਰੀ ਤਰ੍ਹਾਂ ਪਾਰਦਰਸ਼ੀ ਨਹੀਂ। ਜੇ ਅਗਲੇ ਮਹੀਨਿਆਂ ਦੌਰਾਨ ਟਰੰਪ ਪ੍ਰਸ਼ਾਸਨ ਨੇ ਇਰਾਨ ਉਪਰ ਬੰਦਿਸ਼ਾਂ ਮੁੜ ਲਾਗੂ ਕੀਤੀਆਂ ਤਾਂ ਇਸ ਦੇ ਸੰਸਾਰ ਪੱਧਰ 'ਤੇ ਤੇਲ ਕੀਮਤਾਂ ਉਪਰ ਪੈਣ ਵਾਲੇ ਪ੍ਰਭਾਵ ਨਾਲ ਹੁਣ ਨਜਿੱਠਣਾ ਮੁਸ਼ਕਿਲ ਨਹੀਂ ਹੋਵੇਗਾ।ਵੈਨੇਜ਼ੁਏਲਾ ਦਾ ਹੁਣ ਭਾਰਤ ਨੂੰ ਤੇਲ ਦਰਾਮਦ ਕਰਨ ਵਿੱਚ ਅਹਿਮ ਰੋਲ ਹੈ। ਇਸ ਖੇਤਰ ਵਿੱਚ ਹੁਣ ਅਮਰੀਕਾ ਵੀ ਸ਼ਾਮਲ ਹੋ ਗਿਆ ਹੈ, ਜਿੱਥੇ ਭਾਰਤੀ ਕੰਪਨੀਆਂ ਨੇ ਗ਼ੈਰ-ਰਸਮੀ ਤੇਲ ਤੇ ਗੈਸ ਉਤਪਾਦਨ ਵਿੱਚ ਉਵੇਂ ਨਿਵੇਸ਼ ਕੀਤਾ ਹੋਇਆ ਹੈ, ਜਿਵੇਂ ਰੂਸ ਵਿੱਚ ਕੀਤਾ ਸੀ। ਅਮਰੀਕਾ ਛੇਤੀ ਹੀ ਦੁਨੀਆਂ ਵਿੱਚ ਸਭ ਤੋਂ ਵੱਡਾ ਤੇਲ ਤੇ ਗੈਸ ਉਤਪਾਦਕ ਮੁਲਕ ਬਣ ਜਾਏਗਾ। ਅਮਰੀਕਾ ਤੋਂ ਗੈਸ ਦੀ ਸਪਲਾਈ ਸ਼ੁਰੂ ਹੋ ਚੁੱਕੀ ਹੈ ਅਤੇ ਛੇਤੀ ਇਸ ਵਿੱਚ ਤੇਜ਼ੀ ਨਾਲ ਵਾਧਾ ਹੋਵੇਗਾ। ਭਾਰਤ ਜਿਹੜਾ ਅਮਰੀਕਾ ਤੇ ਚੀਨ ਤੋਂ ਬਾਅਦ ਤੀਜਾ ਸਭ ਤੋਂ ਵੱਡਾ ਤੇਲ ਖਪਤਕਾਰ ਮੁਲਕ ਹੈ, ਹੁਣ ਆਪਣੀਆਂ ਊਰਜਾ ਲੋੜਾਂ ਦੀ ਪੂਰਤੀ ਲਈ ਸੋਚ-ਸਮਝ ਕੇ ਫੈਸਲੇ ਕਰ ਰਿਹਾ ਹੈ। ਅਸੀਂ ਬੀਤੇ ਤੋਂ ਬਹੁਤ ਸਬਕ ਸਿੱਖੇ ਹਨ ਤੇ ਕਿਸੇ ਇਕ ਮੁਲਕ ਉੱਪਰ ਨਿਰਭਰ ਨਹੀਂ ਰਹਿਣਾ ਚਾਹੀਦਾ। ਅਜਿਹਾ ਕਰਦਿਆਂ, ਸਾਨੂੰ ਇਸਲਾਮਿਕ ਦੁਨੀਆਂ ਦੀਆਂ ਦੁਸ਼ਮਣੀਆਂ, ਝਗੜਿਆਂ ਤੇ ਤਣਾਵਾਂ ਤੋਂ ਦੂਰ ਰਹਿਣਾ ਹੋਵੇਗਾ, ਸਾਨੂੰ ਤੇਲ ਸਪਲਾਈ ਕਰਨ ਵਾਲੇ ਇਸਲਾਮੀ ਮੁਲਕਾਂ ਵਿੱਚ ਵਾਪਰਨ ਵਾਲੀ ਕਿਸੇ ਵੀ ਅਣਹੋਣੀ ਦੇ ਟਾਕਰੇ ਲਈ ਤਿਆਰ ਰਹਿਣਾ ਹੋਵੇਗਾ ਅਤੇ ਇਨ੍ਹਾਂ ਮੁਲਕਾਂ ਵਿੱਚ ਵਸਦੇ ਭਾਰਤੀਆਂ ਨੂੰ ਲੋੜ ਪੈਣ 'ਤੇ ਕੱਢਣ ਲਈ ਭਾਰਤੀ ਜਲ ਅਤੇ ਹਵਾਈ ਪ੍ਰਬੰਧਾਂ ਦੀ ਵਰਤੋਂ ਕੀਤੀ ਜਾ ਸਕੇ। ਇੱਥੋਂ ਦੇ ਖੇਤਰੀ ਤਣਾਅ ਨੂੰ ਦੇਖਦਿਆਂ ਤੇਲ ਸਪਲਾਈ ਰੁਕਣ ਦੀ ਹਾਲਤ ਦੇ ਟਾਕਰੇ ਲਈ ਹੁਣ ਤੋਂ ਹੀ ਪੈਟਰੋਲੀਅਮ ਸਟੋਰ ਸਮਰੱਥਾ ਵਧਾਉਣੀ ਹੋਵੇਗੀ। ਅਸੀਂ ਹੁਣ ਇਸ ਪਾਸੇ ਧਿਆਨ ਦੇ ਰਹੇ ਹਾਂ। ਸਾਡੇ ਕੋਲ 2017 ਵਿੱਚ ਅੰਦਾਜ਼ਨ 35.9 ਅਰਬ ਡਾਲਰ ਮੁੱਲ ਦੇ ਸੋਧੇ ਹੋਏ ਪੈਟਰੋਲੀਅਮ ਪਦਾਰਥਾਂ ਦਾ ਭੰਡਾਰ ਕਾਇਮ ਹੋ ਚੁੱਕਿਆ ਹੈ।

**×ਲੇਖਕ ਪਾਕਿਸਤਾਨ ਵਿੱਚ ਭਾਰਤ ਦਾ ਹਾਈ ਕਮਿਸ਼ਨਰ ਰਹਿ ਚੁੱਕਾ ਹੈ।**

## ਅਜਿਹਾ ਨਾਈ ਜੋ ਅੱਖਾਂ 'ਤੇ ਪੱਟੀ ਬੰਨਕੇ ਕੱਟਦਾ ਹੈ ਲੋਕਾਂ ਦੇ ਵਾਲ

ਇਟਲੀ,— ਤੁਸੀਂ ਮੰਨੋ ਭਾਵੇਂ ਨਾ ਮੰਨੋ ਪਰ ਇਹ ਗੱਲ ਸੱਚ ਹੈ ਕਿ ਇਟਲੀ ਦੇ ਸੂਬੇ ਲੰਬਾਰਦੀਆ ਦੇ ਸ਼ਹਿਰ ਲੇਕੋ ਵਿਖੇ ਇਕ ਅਜਿਹਾ ਇਟਾਲੀਅਨ ਨਾਈ ਹੈ, ਜਿਹੜਾ ਕਿ ਆਪਣੀਆਂ ਅੱਖਾਂ 'ਤੇ ਪੱਟੀ ਬੰਨ ਕੇ ਗ੍ਰਾਹਕਾਂ ਦੇ ਵਾਲ ਕੱਟਣ ਦਾ ਹੁਨਰ ਰੱਖਦਾ ਹੈ। ਜਿਸ ਲਈ ਦੂਰ-ਦੁਰਾਡੇ ਤੋਂ ਲੋਕ ਉਸ ਦੀ ਇਹ ਕਲਾ ਦੇਖਣ ਆਉਂਦੇ ਹਨ। ਪਿਛਲੇ 40 ਸਾਲਾਂ ਤੋਂ ਵਾਲ ਕੱਟਣ ਦਾ ਕੰਮ ਕਰਨ ਵਾਲਾ ਰੇਮੀਨੀਓ ਮੁਰੇਲੀ ਨੇ ਦੱਸਿਆ ਕਿ ਸੰਨ 2014 'ਚ ਉਸ ਨੂੰ ਉਸ ਦੀ ਦੁਕਾਨ 'ਤੇ ਇਕ ਗ੍ਰਾਹਕ ਨੇ ਟਿੱਚਰ ਕਰਦੇ ਹੋਏ ਕਿਹਾ ਸੀ ਕਿ ਚਾਈਨਾ 'ਚ ਬਹੁਤ ਅਜਿਹੇ ਨਾਈ ਹਨ, ਜੋ ਅੱਖਾਂ ਬੰਦ ਕਰਕੇ ਵਾਲ ਕੱਟ ਦਿੰਦੇ ਹਨ ਕਿ ਰੇਮੀਨੀਓ ਮੁਰੇਲੀ ਵੀ ਕੋਈ ਅਜਿਹਾ ਕਰਿਸ਼ਮਾ ਦਿਖਾ ਸਕਦਾ ਹੈ। ਇਹ ਗੱਲ ਸੁਣਨ ਤੋਂ ਬਾਅਦ ਉਸ ਨੇ ਇਹ ਦਰਿੜ ਇਰਾਦਾ ਕਰ ਲਿਆ ਕਿ ਉਹ ਵੀ ਅੱਖਾਂ 'ਤੇ ਪੱਟੀ ਬੰਨ ਕੇ ਲੋਕਾਂ ਦੇ ਵਾਲ ਕੱਟੇਗਾ। ਜਿਸ ਲਈ ਉਸ ਨੂੰ ਬਹੁਤ ਹੀ ਜ਼ਿਆਦਾ ਮਿਹਨਤ ਕਰਨੀ ਪਈ। ਮੁਰਲੀ ਨੇ ਦੱਸਿਆ ਕਿ ਜਦੋਂ ਉਸ ਨੇ ਆਪਣੀਆਂ ਅੱਖਾਂ 'ਤੇ ਪੱਟੀ ਬੰਨਕੇ ਵਾਲ ਕੱਟਣੇ ਸ਼ੁਰੂ ਕੀਤੇ ਤਾਂ ਇਟਾਲੀਅਨ ਗੋਰਿਆਂ ਦੇ ਮੂੰਹ ਅੱਡੇ ਦੇ ਅੱਡੇ ਰਹਿ ਗਏ। ਲੋਕ ਉਸ ਦੀ ਇਸ ਕਲਾਂ ਦੇ ਇਸ ਤਰ੍ਹਾਂ ਦੀਵਾਨੇ ਹੋ ਗਏ ਕਿ ਉਨ੍ਹਾਂ ਅੱਖਾਂ ਬੰਨ ਕੇ ਵਾਲ ਕੱਟਦੇ ਦੀ ਵਿਸ਼ੇਸ਼ ਵੀਡੀਓ ਬਣਾਈ, ਜਿਸ ਵੀਡੀਓ ਨੂੰ ਕਿ ਅੰਗਰੇਜ਼ੀ ਦੀ ਸਾਈਟ ਨਿਊਜ਼ਲੇਅਰ ਅਤੇ ਇਕ ਫਰਾਂਸ ਦੀ ਸਾਈਟ ਮਿੰਟਬਿਊਜ਼ 'ਤੇ ਪ੍ਰਕਾਸ਼ਿਤ ਕਰ ਦਿੱਤਾ ਗਿਆ। ਇਸ ਵੀਡੀਓ ਨੂੰ ਸਿਰਫ ਦੋ ਹਫਤਿਆਂ 'ਚ ਕਰੀਬ 4 ਲੱਖ ਲੋਕਾਂ ਵਲੋਂ ਦੇਖਿਆ ਗਿਆ, ਜੋ ਕਿ ਮੁਰੇਲੀ ਲਈ ਕਾਮਯਾਬੀ ਦਾ ਵੱਡਾ ਫਤਵਾ ਸੀ। ਪਿਛਲੇ 4 ਸਾਲਾਂ ਤੋਂ ਅੱਖਾਂ 'ਤੇ ਪੱਟੀ ਬੰਨ ਕੇ ਵਾਲ ਕੱਟਣ ਵਾਲੇ ਰੇਮੀਨੀਓ ਮੁਰੇਲੀ ਦਾ ਕਹਿਣਾ ਹੈ ਕਿ ਇੰਝ ਕਰਨਾ ਕੋਈ ਖੇਡ ਨਹੀਂ ਹੈ, ਇਸ ਕੰਮ ਨੂੰ ਹਰ ਕੋਈ ਅੰਜਾਮ ਨਹੀਂ ਦੇ ਸਕਦਾ। ਇਸ ਲਈ ਬਹੁਤ ਹੀ ਜ਼ਿਆਦਾ ਅਭਿਆਸ ਦੀ ਲੋੜ ਹੈ ਜੇਕਰ ਅਜਿਹੇ ਕਰਦੇ ਕੋਈ ਗਲਤੀ ਹੋ ਜਾਵੇ ਤਾਂ ਗ੍ਰਾਹਕ ਨੂੰ ਸਰੀਰਕ ਤੌਰ 'ਤੇ ਨੁਕਸਾਨ ਝੇਲਣਾ ਪੈ ਸਕਦਾ ਹੈ। ਇਸ ਲਈ ਹਰ ਕੋਈ ਹੱਥ ਅਜ਼ਮਾਈ ਨਾ ਕਰੇ ਇਹ ਬਹੁਤ ਹੀ ਜ਼ਿਆਦਾ ਜ਼ਿੰਮੇਵਾਰੀ ਦਾ ਕੰਮ ਹੈ।

# Join the 2020 Census

# Apply Online!

## Full-Time and Part-Time Positions

The 2020 Census is taking applications for positions starting soon. There are a wide variety of full-time and part-time jobs for all levels of experience. Make your next job count by applying today!

For more information about our Field or Office positions please visit us at:

**2020census.gov/jobs**

**1-855-JOB-2020**

(1-855-562-2020)

- Clerks / Supervisory Clerks
- Listers / Enumerators
- First Line Supervisors

For more information about Professional and Management positions please visit us at:

**usajobs.gov**

- Area Census Office Managers
- Lead Census Field Manager
- Admin Manager
- IT Manager
- Recruiting Manager

- Must be 18 years or older
- Must be a US Citizen
- If bilingual, must pass an oral equivalence exam in English



United States® Census Bureau

Shape your future START HERE >

United States® Census 2020

# Race & Ethnicity




**The U.S. Census Bureau considers race and ethnicity to be two separate and distinct concepts.**

## *What is race?*

The Census Bureau defines race as a person's self-identification with one or more social groups. An individual can report as White, Black or African American, Asian, American Indian and Alaska Native, Native Hawaiian and Other Pacific Islander, or some other race. Survey respondents may report multiple races.

## *What is ethnicity?*

Ethnicity determines whether a person is of Hispanic origin or not. For this reason, ethnicity is broken out in two categories, Hispanic or Latino and Not Hispanic or Latino. Hispanics may report as any race.




## *Can the information be used to enforce immigration laws on me or my family?*

No. The Census Bureau adheres to strict confidentiality laws that prohibit sharing of respondent information. We do not share respondent answers with immigration, law enforcement, tax collection agencies or any other organization.

## *What region of origin does Census consider for each race category?*

| White | Black or African American | American Indian or Alaska Native | Asian | Native Hawaiian or Other Pacific Islander |
|---|---|---|---|---|
| Europe | Africa | North America | Far East | Hawaii |
| Middle East | | South America | Southeast Asia | Guam |
| North Africa | | Central America | Indian | Samoa |
| | | | | Pacific Islands |


ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬੀ ਦੁਨੀਆ

Since April 2005 Editor : Sharnjit Singh Thind PUNJABI DUNIYA Weekly

Vol. 14 Issue 15 Wednesday 02 Jan to 08 Jan, 2019 www.PUNJABIDUNIYA.com Published Weekly from New York

ਪੰਜਾਬੀ ਨੌਜਵਾਨਾਂ ਨੇ ਵਿਦੇਸ਼ ਉਡਾਰੀ ਮਾਰਨ ਲਈ ਖਰਚੇ 27000 ਕਰੋੜ

ਸੱਜਣ ਕੁਮਾਰ ਨੂੰ ਸਿੱਖਾਂ ਕੋਲੋਂ ਬਚਾ-ਬਚਾ ਕੇ ਰੱਖੇਗਾ ਜੇਲ੍ਹ ਪ੍ਰਸ਼ਾਸਨ

ਨਵੇਂ ਸਾਲ ਮੌਕੇ ਅਮਰੀਕੀ ਫੌਜ ਨੇ ਬੰਬ ਦਾ ਟਵੀਟ ਕਰਨ ਲਈ ਮੰਗੀ ਮੁਆਫ਼ੀ

ਭਾਰਤ ਸਰਕਾਰ ਨੇ ਖਾਲਿਸਤਾਨ ਲਿਬਰੇਸ਼ਨ ਫੋਰਸ ਤੇ ਪਾਬੰਦੀ ਲਾਈ

Insurance Property & Casualty (See Full Page Advt. on Page 31)

Business, Liability, Disability, Workers Comp., E & O, Auto, Home,

917-612-3158 www.whitestonecorpusa.com




## BEWARE OF SCAMS AND FRAUD SCHEMES

The Office of Inspector General recognizes that we are facing unprecedented times and is alerting the public about potential fraud schemes related to economic stimulus programs offered by the U.S. Small Business Administration in response to the Novel Coronavirus Pandemic (COVID-19). The Coronavirus Aid, Relief, and Economic Security Act (CARES Act), the largest financial assistance bill to date, includes provisions to help small businesses. Fraudsters have already begun targeting small business owners during these economically difficult times. Be on the lookout for grant fraud, loan fraud, and phishing.

### Grants

- SBA *does not* initiate contact on either 7a or Disaster loans or grants. If you are proactively contacted by someone claiming to be from the SBA, suspect fraud.

### Loans

- If you are contacted by someone promising to get approval of an SBA loan, but requires any payment up front or offers a high interest bridge loan in the interim, suspect fraud.
- SBA limits the fees a broker can charge a borrower to 3% for loans $50,000 or less and 2% for loans $50,000 to $1,000,000 with an additional ¼% on amounts over $1,000,000. Any attempt to charge more than these fees is inappropriate.
- If you have a question about getting a SBA disaster loan, call 800-659-2955 or send an email to disastercustomerservice@sba.gov.
- If you have questions about other SBA lending products, call SBA's Answer Desk at 800-827-5722 or send an email to answerdesk@sba.gov.

### Phishing

- Look out for phishing attacks/scams utilizing the SBA logo. These may be attempts to obtain your personally identifiable information (PII),to obtain personal banking access, or to install ransomware/malware on your computer.
- If you are in the process of applying for an SBA loan and receive email correspondence asking for PII, ensure that the referenced application number is consistent with the actual application number.
- Any email communication from SBA will come from accounts ending with *sba.gov*.
- The presence of an SBA logo on a webpage *does not* guaranty the information is accurate or endorsed by SBA. Please cross-reference any information you receive with information available at www.sba.gov.

Report any suspected fraud to OIG's Hotline at 800-767-0385 or online at, https://www.sba.gov/about-sba/oversight-advocacy/office-inspector-general/office-inspector-general-hotline.

# ਪਰਵਾਸੀ ਕਾਮਿਆਂ ਲਈ ਆਪਣਾ ਹੀ ਦੇਸ ਹੋਇਆ ਪਰਦੇਸ



ਪਹਿਲਾਂ ਹੀ ਹਾਸ਼ੀਏ 'ਤੇ ਧੱਕੀ ਅਵਾਮ ਇਕ ਪਾਸੇ ਕਰੋਨਾ ਵਾਇਰਸ ਦੀ ਦਹਿਸ਼ਤ ਅਤੇ ਦੂਜੇ ਪਾਸੇ ਭਾਜਪਾ ਰਾਜ ਦੇ ਤਾਨਾਸ਼ਾਹ ਫਰਮਾਨਾਂ ਨਾਲ ਸਹਿਮੀ ਹੋਈ ਹੈ। ਕਿਸੇ ਵੀ ਸੰਕਟ ਵਿਚ ਸਭ ਤੋਂ ਨਿਤਾਣੇ ਅਤੇ ਅਸੁਰੱਖਿਅਤ ਹਿੱਸੇ ਪਰਵਾਸੀ ਹੁੰਦੇ ਹਨ। ਕੋਈ ਭਰੋਸਾ ਨਹੀਂ, ਕਦੋਂ ਹਾਕਮ ਜਮਾਤੀ ਸਿਆਸਤ 'ਬਾਹਰਲਿਆਂ' ਖਿਲਾਫ ਸਥਾਨਕ ਜਜ਼ਬਾਤ ਭੜਕਾ ਕੇ ਰਾਜਕੀ ਢਾਂਚੇ ਦੀ ਨਾਕਾਮੀ ਅਤੇ ਨਾਲਾਇਕੀ ਨੂੰ ਲੁਕੋਣ ਦਾ ਰਾਹ ਅਖਤਿਆਰ ਕਰ ਲਵੇ। ਘੋਰ ਅਸੁਰੱਖਿਆ ਦੌਰਾਨ ਬਹੁਤ ਸਾਰੇ ਮਕਾਨ ਮਾਲਕ ਉਨ੍ਹਾਂ ਤੋਂ ਮਕਾਨ ਖਾਲੀ ਕਰਵਾ ਰਹੇ ਹਨ ਅਤੇ ਪੁਲਿਸ ਜਨਮ-ਭੂਮੀ ਵਲ ਵਾਪਸ ਜਾਂਦਿਆਂ ਨੂੰ ਸੜਕਾਂ ਉਪਰ ਘੇਰ ਕੇ ਮੁੜ ਸ਼ਹਿਰਾਂ ਵਲ ਧੱਕ ਰਹੀ ਹੈ।

'ਕਰੋਨਾ' ਮਹਾਂਮਾਰੀ ਫੈਲਣ ਦੀਆਂ ਖਬਰਾਂ ਦੌਰਾਨ 29 ਮਾਰਚ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤੀਜੀ ਵਾਰ ਮੁਲਕ ਦੇ ਲੋਕਾਂ ਨੂੰ 'ਮਨ ਕੀ ਬਾਤ' ਸੁਣਾਉਣ ਦਾ ਉਚੇਚ ਕੀਤਾ। ਇਸ ਸੰਬੋਧਨ ਵਿਚ ਵੀ 21 ਦਿਨਾਂ ਦੇ ਲੌਕਡਾਊਨ ਨਾਲ ਪੈਦਾ ਹੋਏ ਬੇਥਾਹ ਸੰਕਟ ਦੇ ਹੱਲ ਲਈ ਕੋਈ ਠੋਸ ਵਿਉਂਤਬੰਦੀ ਪੇਸ਼ ਨਹੀਂ ਕੀਤੀ ਗਈ। ਇਹ ਸਿਰਫ ਲੱਛੇਦਾਰ ਭਾਸ਼ਣ ਸੀ ਜਿਸ ਵਿਚ ਮੋਦੀ ਨੇ ਭਾਵੁਕ ਲਫਾਜ਼ੀ ਨਾਲ ਆਪਣੇ ਰਾਜ ਦੀ ਬਦਇੰਤਜ਼ਾਮੀ ਨੂੰ ਮਜਬੂਰੀ ਦੱਸ ਕੇ ਪੱਲਾ ਝਾੜ ਲਿਆ। ਮੋਦੀ ਨੇ ਫਰਮਾਇਆ, ਮੇਰੀ ਆਤਮਾ ਕਹਿੰਦੀ ਹੈ ਕਿ ਤੁਸੀਂ ਮੈਨੂੰ ਜ਼ਰੂਰ ਮਾਫ ਕਰੋਗੇ। ਗਰੀਬ ਲੋਕਾਂ ਨੂੰ ਜ਼ਰੂਰ ਲੱਗਦਾ ਹੋਵੇਗਾ ਕਿ ਇਹ ਕੈਸਾ ਪ੍ਰਧਾਨ ਮੰਤਰੀ ਹੈ ਜਿਸ ਨੇ ਦੇਸ਼ ਨੂੰ ਮੁਸੀਬਤ ਵਿਚ ਪਾ ਦਿੱਤਾ। ਇਨ੍ਹਾਂ ਸ਼ਬਦਾਂ ਨਾਲ ਹਮਦਰਦੀ ਬਟੋਰਨ ਦਾ ਯਤਨ ਕਰਦਿਆਂ ਮੋਦੀ ਨੇ ਬਹੁਤ ਵੱਡੀ ਹਕੀਕਤ ਲੁਕੋ ਲਈ; ਉਹ ਇਹ ਕਿ ਘੋਰ ਨਾਬਰਾਬਰੀ ਆਧਾਰਤ ਮੁਲਕ ਦੋ ਮੁਲਕਾਂ- 'ਇੰਡੀਆ' ਤੇ 'ਭਾਰਤ' ਵਿਚ ਵੰਡਿਆ ਹੋਇਆ ਹੈ। ਲੌਕਡਾਊਨ ਦੌਰਾਨ 'ਇੰਡੀਆ' ਦੇ ਬਾਸ਼ਿੰਦੇ ਸੁਪਰ ਧਨਾਢ, ਧਨਾਢ ਅਤੇ ਉਚ ਮੱਧ ਵਰਗੀ ਲੋਕ ਤਾਂ 'ਸਮਾਜਿਕ ਦੂਰੀ' ਬਣਾ ਲੈਣਗੇ ਲੇਕਿਨ 'ਭਾਰਤ' ਦੇ ਝੁੱਗੀਆਂ-ਝੌਂਪੜੀਆਂ ਅਤੇ ਖੁੱਡੇਨੁਮਾ ਘਰਾਂ ਵਾਲੇ ਗਰੀਬ 'ਸਮਾਜਿਕ ਦੂਰੀ' ਬਣਾਉਣ ਦਾ ਸੁਪਨਾ ਵੀ ਨਹੀਂ ਲੈ ਸਕਦੇ। ਮੁੰਬਈ ਵਿਚ ਏਸ਼ੀਆ ਦੀ ਸਭ ਤੋਂ ਵੱਡੀ ਗਰੀਬ ਬਸਤੀ ਧਾਰਾਵੀ ਅੰਦਰ ਇਕ ਵਰਗ ਮੀਲ ਤੋਂ ਵੀ ਘੱਟ ਇਲਾਕੇ ਵਿਚ ਰਹਿ ਰਹੇ 10 ਲੱਖ ਲੋਕਾਂ ਲਈ 'ਸਮਾਜਿਕ ਦੂਰੀ' ਕਿਵੇਂ ਸੰਭਵ ਹੈ ? ਇਹੀ ਹਾਲਾਤ ਹੋਰ ਮਹਾਂਨਗਰਾਂ ਅਤੇ ਵੱਡੇ ਸ਼ਹਿਰਾਂ ਵਿਚਲੀਆਂ ਗਰੀਬ ਬਸਤੀਆਂ ਅਤੇ ਪਿੰਡਾਂ ਦੇ ਦਲਿਤ ਮੁਹੱਲਿਆਂ ਦੇ ਹਨ।

ਕਰੋਨਾ ਨਾਲ ਮਰਨ ਵਾਲਿਆਂ ਦੀ ਤਾਦਾਦ ਤਾਂ ਵਧ ਹੀ ਰਹੀ ਹੈ; ਇਹ ਵੀ ਤੱਥ ਹੈ ਕਿ 21 ਦਿਨ ਲਈ ਥੋਪੇ ਕਰਫਿਊ ਨਾਲ ਆਪਾਧਾਪੀ ਦਾ ਸ਼ਿਕਾਰ ਹੋ ਕੇ ਹੁਣ ਤੱਕ 22 ਵਿਅਕਤੀ ਮਾਰੇ ਜਾ ਚੁੱਕੇ ਹਨ। ਪੈਦਲ ਆਪਣੇ 'ਦੇਸ' ਨੂੰ ਜਾ ਰਹੇ ਪੰਜ ਪਰਵਾਸੀ ਮਜ਼ਦੂਰਾਂ ਨੂੰ ਗੁੜਗਾਓਂ 'ਚ ਕੈਂਟਰ ਨੇ ਕੁਚਲ ਕੇ ਲਾਸ਼ਾਂ ਵਿਚ ਬਦਲ ਦਿੱਤਾ। ਮੱਧ ਪ੍ਰਦੇਸ਼ ਦਾ ਜੰਮਪਲ ਰਣਬੀਰ, ਜੋ ਦਿੱਲੀ ਵਿਚ ਟਿਫਿਨ ਡਿਲੀਵਰੀ ਦਾ ਕੰਮ ਕਰਦਾ ਸੀ, ਬੁਰੀ ਤਰ੍ਹਾਂ ਅਸੁਰੱਖਿਅਤ ਮਹਿਸੂਸ ਕਰਦਿਆਂ ਪੈਦਲ ਹੀ ਆਪਣੇ ਘਰ ਨੂੰ ਤੁਰ ਪਿਆ। 200 ਕਿਲੋਮੀਟਰ ਭੁੱਖਾ-ਤ੍ਰਿਹਾਇਆ ਚੱਲਣ ਤੋਂ ਬਾਅਦ ਰਾਹ ਵਿਚ ਹੀ ਦਿਲ ਦੇ ਦੌਰੇ ਨਾਲ ਦਮ ਤੋੜ ਗਿਆ। ਪਰਿਵਾਰ ਨੂੰ ਉਸ ਦਾ ਆਖਰੀ ਤਰਲਾ ਸੀ, ਲੇਨੇ ਆ ਸਕਤੇ ਹੋ, ਤੋ ਆ ਜਾਓ।

ਮੁੰਬਈ ਤੋਂ ਫੂਡ ਕੰਟੇਨਰ ਟਰੱਕ ਪਰਵਾਸੀਆਂ ਦਾ ਇਕੋ-ਇਕ ਸਹਾਰਾ ਬਣੇ ਤਾਂ ਜੋ ਪੁਲਿਸ ਦੀਆਂ ਲਾਠੀਆਂ ਤੋਂ ਬਚ ਕੇ ਸਹੀ-ਸਲਾਮਤ ਆਪਣੇ ਘਰਾਂ ਨੂੰ ਪਰਤ ਸਕਣ। ਇਹ ਉਹ ਲੋਕ ਹਨ ਜਿਹੜੇ ਮਹਾਂਨਗਰਾਂ ਵਿਚ ਦਿਨ-ਰਾਤ ਹੱਡ-ਭੰਨਵੀਂ ਕਿਰਤ ਕਰਕੇ ਆਪਣੇ ਪਰਿਵਾਰ ਨੂੰ ਪਾਲਦੇ ਹਨ। ਇਨ੍ਹਾਂ ਨੇ ਆਪਣੇ ਸਿਰਾਂ ਉਪਰ ਮਹਾਂਨਗਰਾਂ ਦੇ ਬਹੁਤ ਸਾਰੇ ਮਹੱਤਵਪੂਰਨ ਕੰਮਕਾਰਾਂ ਦਾ ਬੋਝ ਚੁੱਕਿਆ ਹੋਇਆ ਸੀ; ਲੇਕਿਨ ਜਦ ਮਹਾਂਮਾਰੀ ਦੀ ਆਫਤ ਆਉਣ 'ਤੇ ਇਨ੍ਹਾਂ ਨੂੰ ਸਹਾਰੇ ਦੀ ਜ਼ਰੂਰਤ ਪਈ ਤਾਂ ਮਹਾਂਨਗਰ 'ਚ ਇਨ੍ਹਾਂ ਨੂੰ ਕਿਤੇ ਵੀ ਢੋਈ ਨਜ਼ਰ ਨਾ ਆਈ। ਰੋਜ਼ੀ-ਰੋਟੀ ਦੀ ਅਸੁਰੱਖਿਆ ਦੇ ਭੈਅ ਨਾਲ ਸਹਿਮੇ ਇਹ ਬੇਵੱਸ ਸੈਂਕੜੇ, ਹਜ਼ਾਰਾਂ ਮੀਲ ਦੂਰ ਆਪਣੇ ਉਨ੍ਹਾਂ ਪਿੰਡਾਂ ਨੂੰ ਪੈਦਲ ਹੀ ਨਿਕਲ ਤੁਰੇ ਜਿਥੋਂ ਕਦੇ ਉਹ ਬਿਹਤਰ ਕੰਮਕਾਰ ਦੀ ਤਲਾਸ਼ ਵਿਚ ਨਿਕਲੇ ਸਨ। ਇਸ ਆਪਾਧਾਪੀ ਦਾ ਸ਼ਿਕਾਰ ਸਿਰਫ ਪਰਵਾਸੀ ਹੀ ਨਹੀਂ ਹੋਏ। ਇਹ ਤੱਥ ਹੁਣ ਸ਼ਾਇਦ ਹੀ ਕਿਸੇ ਨੂੰ ਚੇਤੇ ਹੋਵੇ ਕਿ ਪਿੱਛੇ ਜਿਹੇ ਰਾਜਧਾਨੀ ਵਿਚ ਹਿੰਦੂਤਵ ਗਰੋਹਾਂ ਅਤੇ ਦਿੱਲੀ ਪੁਲਿਸ ਦੀ ਕਤਲੇਆਮ ਤੇ ਸਾੜਫੂਕ ਦੀ ਮੁਹਿੰਮ ਨਾਲ ਬਰਬਾਦ ਹੋਏ ਹਜ਼ਾਰਾਂ ਗਰੀਬ ਮੁਸਲਮਾਨਾਂ ਨੂੰ ਕਰੋਨਾ ਵਾਇਰਸ ਦੇ ਬਹਾਨੇ ਰਾਹਤ ਕੈਂਪਾਂ ਤੋਂ ਉਜਾੜ ਕੇ ਪੂਰੀ ਤਰ੍ਹਾਂ ਬੇਸਹਾਰਾ ਕਰ ਦਿੱਤਾ ਹੈ ਜਿਥੇ ਉਨ੍ਹਾਂ ਦਾ ਆਰਜ਼ੀ ਰੈਣ-ਬਸੇਰਾ ਸੀ।

ਇਹ ਪਰਵਾਸੀ ਕੌਣ ਹਨ ? ਇਹ ਭਾਰਤੀ ਸਮਾਜ ਦੇ ਉਹ ਕਰੋੜਾਂ ਲੋਕ ਹਨ ਜੋ ਮਹਾਂਨਗਰਾਂ, ਸ਼ਹਿਰਾਂ ਅਤੇ ਕਥਿਤ ਵਿਕਸਤ ਇਲਾਕਿਆਂ ਵਿਚ ਹਰ ਤਰ੍ਹਾਂ ਦੀ ਉਸਾਰੀ, ਵਿਕਾਸ ਪ੍ਰੋਜੈਕਟਾਂ, ਰੇੜ੍ਹੀਆਂ, ਫੜ੍ਹੀਆਂ ਲਾ ਕੇ, ਕਿਰਾਏ ਉਪਰ ਰਿਕਸ਼ੇ ਚਲਾ ਕੇ, ਘਰੇਲੂ ਨੌਕਰਾਂ ਦਾ ਕੰਮ ਕਰਕੇ, ਹੋਮ ਡਿਲਿਵਰੀ, ਗੈਰ ਜਥੇਬੰਦ ਖੇਤਰ ਵਿਚ ਹੋਰ ਕਈ ਤਰ੍ਹਾਂ ਦੇ ਛੋਟੇ-ਛੋਟੇ ਆਰਜ਼ੀ ਕਿੱਤੇ ਕਰਕੇ ਜਾਂ ਮਹਾਂਨਗਰੀ ਕਚਰਾ ਅਤੇ ਕਬਾੜ ਇਕੱਠਾ ਕਰਕੇ ਆਪਣੀ ਰੋਜ਼ੀ-ਰੋਟੀ ਚਲਾਉਂਦੇ ਸਨ ਅਤੇ ਕਿਰਾਏ ਦੇ ਨਿੱਕੇ-ਨਿੱਕੇ ਕਮਰਿਆਂ ਵਿਚ ਅਣਮਨੁੱਖੀ ਹਾਲਤ ਵਿਚ ਦਿਨ-ਕਟੀ ਕਰਦੇ ਸਨ। 'ਸਭ ਕਾ ਵਿਕਾਸ' ਵਾਲੇ ਪ੍ਰਧਾਨ ਮੰਤਰੀ ਦੇ ਇਕ ਫਰਮਾਨ ਨੇ ਹੀ ਉਨ੍ਹਾਂ ਦੇ ਢਿੱਡ ਭਰਨ ਦੇ ਵਸੀਲੇ ਖੋਹ ਲਏ। ਜ਼ਿੰਦਗੀ ਅਸਤ-ਵਿਅਸਤ ਹੋ ਜਾਣ ਕਾਰਨ ਉਹ ਨਿੱਕੇ-ਨਿੱਕੇ ਬੱਚਿਆਂ, ਬਿਮਾਰਾਂ, ਗਰਭਵਤੀ ਔਰਤਾਂ ਸਮੇਤ ਪੈਦਲ ਹੀ ਸੈਂਕੜੇ ਮੀਲ ਦੇ ਪੈਂਡੇ ਉਪਰ ਨਿਕਲ ਤੁਰੇ। ਉਹ ਬੇਕਾਰੀ ਅਤੇ ਪ੍ਰਸ਼ਾਸਨਿਕ ਅਸੁਰੱਖਿਆ ਤੋਂ ਭੈਭੀਤ ਹਨ। ਵਿੱਤ ਮੰਤਰੀ ਨੇ 1,70,000 ਕਰੋੜ ਰੁਪਏ ਦਾ ਜੋ ਪੈਕੇਜ ਐਲਾਨਿਆ ਹੈ, ਉਹ ਉਨ੍ਹਾਂ ਨੂੰ ਫੌਰੀ ਰਾਹਤ ਨਹੀਂ ਦੇ ਸਕਦਾ ਕਿਉਂਕਿ ਇਹ ਤਾਲਾਬੰਦੀ ਖਤਮ ਹੋਣ 'ਤੇ ਹੀ ਅਮਲ ਵਿਚ ਆ ਸਕੇਗਾ। ਅਵਾਮ ਨੂੰ ਸਰਕਾਰੀ ਵਾਅਦਿਆਂ ਉਪਰ ਭਰੋਸਾ ਨਹੀਂ। ਜ਼ਿਆਦਾਤਰ ਦੇ ਰਾਸ਼ਨ ਕਾਰਡ ਆਪਣੇ ਪਿੰਡਾਂ ਵਿਚ ਬਣੇ ਹੋਣ ਕਾਰਨ ਉਹ ਰਾਹਤ ਪੈਕੇਜ ਦਾ ਲਾਭ ਲੈਣ ਦੇ ਅਯੋਗ ਮੰਨੇ ਜਾਣਗੇ। 22 ਮਾਰਚ ਦਾ 'ਜਨਤਾ ਕਰਫਿਊ' ਐਲਾਨੇ ਜਾਣ ਤੋਂ 24 ਘੰਟਿਆਂ ਦੇ ਅੰਦਰ ਹੀ ਪੰਜ ਵਿਸ਼ੇਸ਼ ਰੇਲਾਂ ਰਾਹੀਂ ਦਸ ਹਜ਼ਾਰ ਦੇ ਕਰੀਬ ਪਰਵਾਸੀ ਕਿਰਤੀ ਮਹਾਂਰਾਸ਼ਟਰ ਤੋਂ ਬਿਹਾਰ ਵਾਪਸ ਚਲੇ ਗਏ। ਇਸ ਚਿਤਾਵਨੀ ਤੋਂ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਸੀ ਕਿ ਅਚਾਨਕ ਤਿੰਨ ਹਫਤੇ ਦੀ ਤਾਲਾਬੰਦੀ ਦੇ ਭੈਅ ਨਾਲ ਪੂਰੇ ਮੁਲਕ ਵਿਚ ਪਰਵਾਸੀ ਕਿਰਤੀਆਂ ਅੰਦਰ ਕਿੰਨੀ ਬੇਯਕੀਨੀ ਅਤੇ ਆਪਾਧਾਪੀ ਮੱਚ ਜਾਵੇਗੀ। ਖਬਰ ਏਜੰਸੀ 'ਰਾਈਟਰਜ਼' ਦੀ ਰਿਪੋਰਟ ਅਨੁਸਾਰ, ਅਹਿਮਦਾਬਾਦ (ਗੁਜਰਾਤ) ਤੋਂ 60-70 ਹਜ਼ਾਰ ਪਰਵਾਸੀ ਲੌਕਡਾਊਨ ਦਾ ਐਲਾਨ ਹੁੰਦੇ ਸਾਰ ਆਪਣੇ ਸੂਬੇ ਰਾਜਸਥਾਨ ਨੂੰ ਰਵਾਨਾ ਹੋ ਗਏ। ਮਹਿਜ਼ ਦੋ-ਤਿੰਨ ਦਿਨਾਂ ਦੌਰਾਨ ਹੀ ਨੈਸ਼ਨਲ ਹਾਈਵੇ ਉਪਰਲੇ ਦਿੱਲੀ-ਯੂ.ਪੀ. ਗਾਜ਼ੀਆਬਾਦ ਬਾਰਡਰ ਅਤੇ ਰਾਜਧਾਨੀ ਦੇ ਆਨੰਦ ਵਿਹਾਰ ਬੱਸ ਅੱਡੇ ਉਪਰ ਭੁੱਖੇ ਤਿਹਾਏ ਅਤੇ ਘਬਰਾਏ ਹੋਏ ਹਜ਼ਾਰਾਂ ਪਰਵਾਸੀਆਂ ਦੇ ਮੰਜ਼ਰ ਮੋਦੀ ਸਰਕਾਰ ਦੀ ਆਫਤ ਨਾਲ ਨਜਿੱਠਣ ਦੀ ਵਿਉਂਤਬੰਦੀ ਦਾ ਮੂੰਹ ਚਿੜਾ ਰਹੇ ਸਨ। ਇਨ੍ਹਾਂ ਕਿਰਤੀਆਂ 'ਚ ਛਾਏ ਸਹਿਮ ਦਾ ਇਕ ਕਾਰਨ ਇਹ ਡਰ ਵੀ ਹੈ, ਜੋ ਪੂਰੀ ਤਰ੍ਹਾਂ ਸੱਚ ਹੈ, ਕਿ ਐਨੀ ਭਿਆਨਕ ਮਹਾਂਮਾਰੀ ਫੈਲਣ ਦੀ ਸੂਰਤ ਵਿਚ ਉਹ ਬਿਨਾਂ ਇਲਾਜ ਕੀੜੇ-ਮਕੌੜਿਆਂ ਦੀ ਤਰ੍ਹਾਂ ਦਮ ਤੋੜ ਜਾਣਗੇ। ਕੀ ਕਿਸੇ ਹੋਰ ਮੁਲਕ ਵਿਚ ਵੀ ਕਰੋਨਾ ਵਾਇਰਸ ਨੂੰ ਰੋਕਣ ਲਈ ਸਰਕਾਰ ਵਲੋਂ ਚੁੱਕੇ ਕਦਮਾਂ ਨੇ ਇਸ ਤਰ੍ਹਾਂ ਲੱਖਾਂ ਲੋਕਾਂ ਨੂੰ ਪਲਾਇਨ ਕਰਨ ਲਈ ਮਜਬੂਰ ਕੀਤਾ ਹੈ ?

ਸਰਕਾਰ ਅਤੇ ਪ੍ਰਸ਼ਾਸਨ ਇਨ੍ਹਾਂ ਕਿਰਤੀਆਂ ਦੀ ਬੇਵਸੀ ਨੂੰ ਸਮਝਣ ਦੀ ਬਜਾਏ ਉਨ੍ਹਾਂ ਨੂੰ ਧਮਕਾ ਰਹੇ ਹਨ। ਭਾਜਪਾ ਆਗੂ ਬਲਵੀਰ ਪੁੰਜ ਨੇ ਬਿਆਨ ਦਾਗਿਆ ਕਿ ਪੈਦਲ ਘਰਾਂ ਨੂੰ ਜਾਣ ਵਾਲੇ 'ਗੈਰ ਜ਼ਿੰਮੇਵਾਰ' ਹਨ। ਗਾਜ਼ੀਆਬਾਦ ਤੋਂ ਭਾਜਪਾ ਵਿਧਾਇਕ ਨੰਦ ਕਿਸ਼ੋਰ ਗੁਰਜਰ ਨੇ ਇਥੋਂ ਤੱਕ ਬਿਆਨ ਦੇ ਦਿੱਤਾ ਕਿ ਲੌਕਡਾਊਨ ਦਾ ਉਲੰਘਣ ਕਰਨ ਵਾਲੇ 'ਦੇਸ਼ਧ੍ਰੋਹੀ' ਨੂੰ ਥਾਏਂ ਗੋਲੀ ਮਾਰ ਦੇਣੀ ਚਾਹੀਦੀ ਹੈ।

ਇਸ ਤੋਂ ਇਕ ਗੱਲ ਤਾਂ ਸਾਬਤ ਹੋ ਗਈ ਕਿ ਜਿਸ ਮਕਸਦ, ਆਪਸ ਵਿਚ ਫਾਸਲਾ ਬਣਾਈ ਰੱਖਣ, ਲਈ ਲੌਕਡਾਊਨ ਕੀਤਾ ਗਿਆ ਸੀ, ਉਸ ਦੇ ਸਗੋਂ ਉਲਟ ਨਤੀਜੇ ਸਾਹਮਣੇ ਆਏ। ਹੁਣ ਇਕੋ ਜਗ੍ਹਾ ਉਪਰ ਦਰਜਨਾਂ ਦੀ ਬਜਾਏ ਹਜ਼ਾਰਾਂ ਲੋਕਾਂ ਦੇ ਹਜੂਮ ਇਕੱਠੇ ਹੋਣੇ ਸ਼ੁਰੂ ਹੋ ਗਏ ਹਨ। ਇਸ ਨੂੰ ਰੋਕਣ ਲਈ ਹੁਣ ਦਿੱਲੀ ਅਤੇ ਯੂ.ਪੀ. ਪੁਲਿਸ ਨੇ ਮਿਲ ਕੇ ਸਾਰੀਆਂ ਸਰਹੱਦਾਂ ਸੀਲ ਕਰ ਦਿੱਤੀਆਂ ਹਨ। ਅਗਲਾ ਫਰਮਾਨ ਇਹ ਹੈ ਕਿ ਲੌਕਡਾਊਨ ਦਾ ਉਲੰਘਣ ਕਰਨ ਵਾਲਿਆਂ ਨੂੰ 14 ਦਿਨ ਤੱਕ ਆਰਜ਼ੀ 'ਇਕਾਂਤਵਾਸ ਕੈਂਪਾਂ' ਵਿਚ ਬੰਦ ਰੱਖਿਆ ਜਾਵੇਗਾ। ਇਸ 'ਇਕਾਂਤਵਾਸ ਕੈਂਪ' ਅਤੇ ਇਨ੍ਹਾਂ ਵਿਚ ਪਰਵਾਸੀਆਂ ਉਪਰ ਕੀ ਬੀਤੇਗੀ, ਇਸ ਦੀ ਇਕ ਝਲਕ ਬਰੇਲੀ (ਯੂ.ਪੀ.) ਵਿਚ ਮਿਲ ਗਈ, ਜਿਥੇ ਬਾਹਰੋਂ ਪਲਾਇਨ ਕਰਕੇ ਆਏ ਪਰਵਾਸੀ ਕਿਰਤੀਆਂ ਨੂੰ 'ਕੀਟਾਣੂ ਮੁਕਤ' ਕਰਨ ਲਈ ਔਰਤਾਂ, ਬਜ਼ੁਰਗਾਂ, ਬੱਚਿਆਂ ਸਮੇਤ ਸਾਰਿਆਂ ਨੂੰ ਸੜਕ ਉਪਰ ਅੱਖਾਂ ਬੰਦ ਕਰਕੇ ਬਿਠਾਇਆ ਗਿਆ ਅਤੇ ਫਿਰ ਫਾਇਰ ਬ੍ਰਿਗੇਡ ਤੇ ਨਗਰ ਨਿਗਮ ਦੇ ਅਮਲੇ ਨੇ ਉਨ੍ਹਾਂ ਉਪਰ ਉਹ ਕੈਮੀਕਲ ਸਪਰੇਅ ਕਰ ਦਿੱਤਾ ਜੋ ਬੱਸਾਂ ਨੂੰ ਸੈਨੀਟਾਈਜ਼ ਕਰਨ ਲਈ ਵਰਤਿਆ ਜਾ ਰਿਹਾ ਸੀ। ਜਿਸ ਰਾਜ ਪ੍ਰਬੰਧ ਕੋਲ ਸਿਹਤ ਸੇਵਾਵਾਂ ਲਈ ਲੋੜੀਂਦਾ ਬਜਟ ਹੀ ਨਹੀਂ ਹੈ ਅਤੇ ਜਿਥੇ ਪੰਜ ਲੱਖ ਤੋਂ ਉਪਰ ਬੱਚੇ ਹਰ ਸਾਲ ਪਹਿਲਾ ਜਨਮ ਦਿਨ ਮਨਾਏ ਜਾਣ ਤੋਂ ਪਹਿਲਾਂ ਹੀ ਦਮ ਤੋੜ ਜਾਂਦੇ ਹਨ, ਜਿਥੇ ਸੈਂਕੜੇ ਬਾਲ ਇਕ ਦਿਨ ਵਿਚ ਹੀ ਹਸਪਤਾਲ ਅੰਦਰ ਆਕਸੀਜਨ ਨਾ ਹੋਣ ਕਾਰਨ ਦਮ ਤੋੜ ਜਾਂਦੇ ਹਨ, ਉਥੇ ਵਸੋਂ ਨੂੰ ਕੀਟਾਣੂ ਮੁਕਤ ਕਰਨ ਲਈ ਐਸੇ ਵਾਹਿਆਤ ਉਪਾਵਾਂ ਦੀ ਉਮੀਦ ਹੀ ਕੀਤੀ ਜਾ ਸਕਦੀ ਹੈ।

ਭਾਜਪਾ ਦੀ ਤਰਜੀਹ ਰਾਸ਼ਟਰਵਾਦ ਦੇ ਘਿਨਾਉਣੇ ਦਿਖਾਵੇ ਲਈ ਵੱਡੀਆਂ-ਵੱਡੀਆਂ ਮੂਰਤੀਆਂ ਤੇ ਮੰਦਰ ਬਣਾਉਣ ਅਤੇ ਦੀਵਾਲੀ ਮੌਕੇ ਘਿਓ ਦੇ ਦੀਵੇ ਜਗਾਉਣ ਵਰਗੇ ਧਾਰਮਿਕ ਆਡੰਬਰ ਹਨ। ਇਸ ਲਈ ਸਿੱਖਿਆ ਅਤੇ ਸਿਹਤ ਸੇਵਾਵਾਂ ਨਾਲੋਂ ਫੌਜੀ ਸਾਜ਼ੋ-ਸਮਾਨ ਖਰੀਦਣਾ ਵਧੇਰੇ ਮਹੱਤਵਪੂਰਨ ਹੈ। ਭਾਰਤ ਸਿਹਤ ਸੇਵਾਵਾਂ ਉਪਰ ਸਭ ਤੋਂ ਘੱਟ ਖਰਚ ਕਰਨ ਵਾਲਾ ਰਾਜ ਹੈ ਜਿਥੇ ਜੀ.ਡੀ.ਪੀ. ਦਾ ਸਿਰਫ 1.02 ਫੀਸਦੀ ਹੀ ਖਰਚਿਆ ਜਾਂਦਾ ਹੈ ਜਦਕਿ ਸਵੀਡਨ 9.2 ਫੀਸਦੀ, ਯੂ.ਐਸ਼ਏ. ਵਿਚ 17 ਫੀਸਦੀ, ਫਰਾਂਸ 8.7 ਫੀਸਦੀ, ਯੂ.ਕੇ. 7.9 ਫੀਸਦੀ, ਇਟਲੀ 6.7 ਫੀਸਦੀ ਖਰਚ ਕਰ ਰਹੇ ਹਨ।

ਇਹੀ ਵਜ੍ਹਾ ਹੈ ਕਿ 'ਵਿਸ਼ਵ ਗੁਰੂ' ਬਣਨ ਦੇ ਦਾਅਵੇਦਾਰ ਭਾਰਤੀ ਹੁਕਮਰਾਨਾਂ ਦਾ ਮਹਾਂਮਾਰੀ ਨਾਲ ਨਜਿੱਠਣ ਦਾ ਪੈਕੇਜ ਜੀ.ਡੀ.ਪੀ. ਦਾ ਮਹਿਜ਼ 1 ਫੀਸਦੀ ਹੀ ਹੈ। ਹੁਣ 'ਪ੍ਰਧਾਨ ਮੰਤਰੀ ਕੇਅਰ ਫੰਡ' ਵਿਚ ਸਵੈ-ਇੱਛਕ ਯੋਗਦਾਨ ਪਾਉਣ ਦੀਆਂ ਅਪੀਲਾਂ ਕੀਤੀਆਂ ਜਾ ਰਹੀਆਂ ਹਨ। 'ਦਾਨੀਆਂ' ਦਾ ਆਲਮ ਇਹ ਹੈ ਕਿ ਕਾਂਗਰਸ ਦੇ ਡੁੱਬਦੇ ਜਹਾਜ਼ ਤੋਂ ਛਾਲ ਮਾਰ ਕੇ ਸੰਘ ਦੇ ਰੱਥ 'ਤੇ ਸਵਾਰ ਹੋਏ ਜਯੋਤਿਰਦਿਤਿਆ ਸਿੰਧੀਆ ਨੇ ਕੋਵਿਡ-19 ਮਹਾਂਮਾਰੀ ਲਈ ਬਣਾਏ ਮੁੱਖ ਮੰਤਰੀ ਰਾਹਤ ਫੰਡ ਲਈ 30 ਲੱਖ ਰੁਪਏ ਦਾਨ ਦਿੱਤੇ ਹਨ। ਇਹ ਉਹ ਸ਼ਖਸ ਹੈ ਜਿਸ ਨੇ ਆਪਣੇ ਚੋਣ ਹਲਫਨਾਮੇ ਵਿਚ 20,000 ਕਰੋੜ ਰੁਪਏ ਦੀ ਕਾਨੂੰਨੀ ਜਾਇਦਾਦ ਦਾ ਖੁਲਾਸਾ ਕੀਤਾ ਸੀ।

ਮੋਦੀ ਦੇ ਵਜ਼ੀਰ ਨਾਗਰਿਕਾਂ ਨੂੰ ਸਿਹਤ ਸੇਵਾਵਾਂ ਦੇਣ ਲਈ ਸਰਕਾਰੀ ਫੰਡ ਮੁਹੱਈਆ ਕਰਾਉਣ ਦੀ ਬਜਾਏ ਮਹਾਂਮਾਰੀ ਦੌਰਾਨ ਘਰਾਂ ਵਿਚ ਬੈਠ ਕੇ 'ਰਾਮਾਇਣ', 'ਮਹਾਂਭਾਰਤ' ਦੇਖਣ ਦੀਆਂ ਨਸੀਹਤਾਂ ਦੇ ਰਹੇ ਹਨ। ਮੋਦੀ ਸਰਕਾਰ ਨੇ ਤੇਤੀ ਸਾਲ ਪੁਰਾਣਾ 87 ਐਪੀਸੋਡ ਵਾਲਾ 'ਰਾਮਾਇਣ' ਸੀਰੀਅਲ ਮੁੜ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਬਹਾਨਾ ਇਹ ਬਣਾਇਆ ਗਿਆ ਹੈ ਕਿ ਇਹ ਭਾਰਤ ਵਾਸੀਆਂ ਦੀ ਮੰਗ 'ਤੇ ਸ਼ੁਰੂ ਕੀਤਾ ਗਿਆ ਹੈ। ਅਵਾਮ ਤਾਂ ਸੜਕਾਂ ਉਪਰ ਧਰਨੇ ਲਾ ਕੇ ਸੀ.ਏ.ਏ.-ਐਨ.ਪੀ.ਆਰ.-ਐਨ.ਆਰ.ਸੀ. ਵਾਪਸ ਲੈਣ ਅਤੇ ਭਾਜਪਾ ਦੇ ਚੋਣ ਮੈਨੀਫੈਸਟੋ ਵਿਚ ਕੀਤੇ ਵਾਅਦੇ ਪੂਰੇ ਕਰਨ ਦੀ ਮੰਗ ਲਗਾਤਾਰ ਕਰ ਰਹੇ ਹਨ, ਰਾਮਾਇਣ ਸ਼ੁਰੂ ਕਰਨ ਤੋਂ ਪਹਿਲਾਂ ਫਿਰ ਉਨ੍ਹਾਂ ਦੀ ਇਹ ਮੰਗਾਂ ਕਿਉਂ ਨਹੀਂ ਮੰਨੀਆਂ ? ਦਰਅਸਲ, ਕਾਰਨ ਇਹ ਹੈ ਕਿ ਇਕ ਤੀਰ ਨਾਲ ਦੋ ਸ਼ਿਕਾਰ ਖੇਡੇ ਜਾਣਗੇ: ਰਮਾਇਣ ਦੇ ਬਹਾਨੇ ਅਵਾਮ ਨੂੰ ਟੀ.ਵੀ. ਅੱਗੇ ਬਿਠਾਇਆ ਜਾ ਸਕਦਾ ਹੈ ਅਤੇ ਨਾਲ ਹੀ ਇਸ ਜ਼ਰੀਏ ਹਿੰਦੂ ਫਿਰਕੇ ਨੂੰ ਖੁਸ਼ ਕੀਤਾ ਜਾ ਸਕਦਾ ਹੈ। ਜਦਕਿ ਮਹਾਂਨਗਰਾਂ, ਸ਼ਹਿਰਾਂ ਦੀ ਆਰਥਿਕ ਜ਼ਿੰਦਗੀ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਪਰਵਾਸੀ ਕਿਰਤੀਆਂ ਵਿਚ ਜੋ ਅਸੁਰੱਖਿਆ ਦਾ ਭੈਅ ਫੈਲ ਚੁੱਕਾ ਹੈ ਉਸ ਨੂੰ ਦੂਰ ਕਰਨ ਦੀ ਭਗਵੇਂ ਹੁਕਮਰਾਨਾਂ ਨੂੰ ਕੋਈ ਪ੍ਰਵਾਹ ਹੀ ਨਹੀਂ ਹੈ। ਇਸ ਨਾਲ ਸੱਤਾਧਾਰੀ ਧਿਰ ਦਾ ਹਿੰਦੂ ਹੇਜ ਵੀ ਨੰਗਾ ਹੋ ਗਿਆ ਹੈ।

ਲੇਖਕ : ਬੂਟਾ ਸਿੰਘ
ਫੋਨ: +91-94634-74342

# ਜ਼ਿੱਦੀ ਕਰੋਨਾ



ਤਿੰਨ ਚਾਰ ਦਿਨ ਹੋ ਗਏ ਛੁੱਟੀਆਂ ਹੋਈਆਂ ਨੂੰ। ਕੋਈ ਮੰਨੇ ਭਾਵੇ ਨਾ ਮੰਨੇ ਹਰ ਮਨੁੱਖ ਇਕ ਡਰ ਦੇ ਸਾਏ ਹੇਠ ਜੀਅ ਰਿਹਾ ਹੈ। ਡਰ ਦੀ ਅਣਕਿਆਸਿਆ ਡਰ ਹੋਵੇ ਵੀ ਕਿਉਂ ਨਾ ਦੁਨੀਆਂ ਤੇ ਕਿਹੜਾ ਵਾਰ - ਵਾਰ ਆਉਣਾ। ਮਾਂ ਪਿਉ , ਭੈਣ, ਭਾਈ , ਧੀਆਂ ਪੁੱਤਰ ਹੋਰ ਦੋਸਤ ਮਿੱਤਰ- ਰਿਸ਼ਤੇ ਮਿਲਣੇ ਆ ਕਿਤੇ ? ਕੀਹਦਾ ਜੀਅ ਕਰਦਾ ਦੁਨੀਆਂ ਤੋਂ ਰੁਖ਼ਸਤ ਹੋਣ ਨੂੰ , ਉਹ ਵੀ ਸਾਹਮਣਿਓ ਆ ਰਹੀ ਮੌਤ ਨੂੰ ਵੇਖ ਕੇ । ਸਾਰੇ ਆਪਣੇ- ਆਪਣੇ ਘਰੀ ਬੈਠੇ ਹੋਏ ਆ। ਕਿਸੇ ਨੂੰ ਕੋਈ ਸੀਰੀਅਲ ਨਹੀਂ ਚੰਗਾ ਲੱਗਦਾ ਕੋਈ ਫਿਲਮ ਨਹੀਂ , ਤੇ ਮੇਰੇ ਵਰਗੇ ਨੂੰ ਕੋਈ ਹਿੰਦੀ ਫਿਲਮੀ ਗਾਣਾ ਚੰਗਾ ਨਹੀਂ ਲੱਗਦਾ। ਟੀ. ਵੀ. ਮੋਬਾਈਲ ਤੇ ਹੋਰ ਇੰਟਰਨੈੱਟ ਦੇ ਮੀਡੀਏ ਰਾਹੀ ਬੱਸ ਇਕ ਹੀ ਸ਼ਬਦ ਜਾਗਦੇ ਸੌਂਦੇ ਉਠਦੇ ਕੰਨੀ ਪੈਂਦਾ ਹੈ ਕਰੋਨਾ ਵਾਇਰਸ ਜੋ ਤੇਜ਼ੀ ਨਾਲ ਫ਼ੈਲਦਾ ਜਾ ਰਿਹਾ ਤੇ ਜਿਸਦੀ ਅਜੇ ਤੱਕ ਵਿਗਿਆਨੀ ਕੋਈ ਦਵਾਈ ਨਹੀਂ ਲੱਭ ਸਕੇ। ਡਾਕਟਰ ਅਤੇ ਵਿਗਿਆਨੀ ਕਹਿ ਰਹੇ ਨੇ ਜੇ ਸਟੇਜ ਲੰਘ ਜਾਵੇ ਤਾਂ ਮੌਤ ਹੀ ਇਲਾਜ਼ ਹੈ।

ਚੀਨ ਦੇ ਵੂਹਾਨ ਸਥਾਨ ਚੋਂ ਫੈਲਿਆ , ਪਤਾ ਨਹੀਂ ਪੈਦਾ ਕੀਤਾ ਕਿਸੇ ਨੇ ਇਹ ਵਾਇਰਸ ਜੋ ਅਲੱਗ-ਅਲੱਗ ਦੇਸ਼ਾਂ ਵਿੱਚ ਫੈਲ ਗਿਆ। ਤਕਰੀਬਨ- ਤਕਰੀਬਨ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਬਹੁਤ ਸਾਰੇ ਦੇਸ਼ ਵੀ ਉਹ ਜੋ ਆਪਣੇ - ਆਪ 'ਚ ਉਦਯੋਗਿਕ ਕ੍ਰਾਂਤੀ ਤੇ ਸਹੂਲਤਾਂ ਪੱਖੋਂ ਕਹਿੰਦੇ- ਕਹਾਉਂਦੇ ਆ ਜਿਵੇਂ - ਇਟਲੀ , ਜਰਮਨ , ਫਰਾਂਸ, ਇਰਾਨ ਆਦਿ ਹੋਰ ਬਹੁਤ ਸਾਰੇ ਯੂਰਪੀਅਨ ਦੇਸ਼ ਤੇ ਹੁੰਦਾ ਹਵਾਉਂਦਾ , ਸਾਡੇ ਦੇਸ਼ ਵਿੱਚ ਵੀ ਪੁੱਜ ਗਿਆ। ਟੀ.ਵੀ. , ਨੈੱਟ ਸਾਰੇ ਖ਼ਬਰਾਂ ਵਾਲੇ ਚੈਨਲ ਤੇ ਹਰ ਤਰ੍ਹਾਂ ਦਾ ਮਾਸ - ਮੀਡੀਆ ਪਲ ਪਲ ਦੀਆਂ ਦੇਸ਼ ਵਿਦੇਸ਼ ਦੀਆ ਖ਼ਬਰਾਂ ਨਜ਼ਰ ਕਰ ਰਹੇ ਨੇ।

ਬਹੁਤ ਘੱਟ ਅਜਿਹੇ ਦੇਸ਼ ਨੇ ਜੋ ਕਰੋਨਾ ਦੀ ਗ੍ਰਿਫਤ ਤੋਂ ਬਾਹਰ ਨੇ। ਕੋਈ ਮੀਡੀਆ ਵਿੱਚ ਉਹਨਾਂ ਦੇ ਨਾਗਰਿਕਾਂ ਦੀ ਖ਼ਬਰ ਬਿਮਾਰ ਹੋਣ ਦੀ ਨਹੀਂ ਆ ਰਹੀ। ਕੋਈ ਔਕੜਾਂ ਨਹੀਂ ਆ ਰਿਹਾ। ਬਹੁਤ ਚੰਗੀ ਗੱਲ ਏ। ਕਿਤੇ ਤਾਂ ਸੁੱਖ ਦੀ ਹਵਾ ਆ ਰਹੀ ਏ। ਕਰੋਨਾ ਚੀਨ ਤੋਂ ਹੁੰਦਾ ਹੋਇਆ ਪਹਿਲਾ ਸਿੱਧਾ ਇਟਲੀ ਹੀ ਪਹੁੰਚਿਆ ਤੇ ਫਿਰ ਜਰਮਨ, ਫਰਾਂਸ, ਇਰਾਨ, ਫਿਰ ਇੰਗਲੈਂਡ ਵੀ ਗਿਆ ਤੇ ਹੁਣ ਤਾਂ ਬਹੁਤ ਸਾਰੇ ਦੇਸ਼ਾਂ 'ਚ ਯਾਤਰਾ ਕਰ ਰਿਹਾ ਹੈ। ਡਾਕਟਰ ਅਤੇ ਵਿਗਿਆਨੀ ਵੀ ਲਗਾਤਾਰ ਦਿਨ ਰਾਤ ਇਕ ਕਰਕੇ ਦਵਾਈ ਦੀ ਖੋਜ ਕਰ ਰਹੇ ਹਨ। ਵੈਸੇ ਕਰੋਨਾ ਵੀ ਭਾਈ- ਭਤੀਜਾਵਾਦ ਕਰ ਗਿਆ ਲੱਗਦਾ। ਦੁਨੀਆਂ ਵਾਲਿਆਂ ਦਾ ਇਹਨੂੰ ਵੀ ਪਾਹ ਲੱਗ ਗਿਆ। ਚੰਗੀ ਰਾਜਨੀਤਕ ਖੇਡ ਗਿਆ ਮਨੁੱਖਾ ਨਾਲ।

ਮੇਰੇ ਦਾਦੇ ਦੀ ਉਪਰੋਂ ਜਣੀ ਰੱਬ ਕੋਲੋਂ ਮੈਨੂੰ ਅਵਾਜ਼ ਆਈ। ਕਿਤੇ ਉਹ ਵੀ ਬੈਠਾ ਮੇਰੀ ਇਹ ਲਿਖਤ ਪੜ੍ਹ ਰਿਹਾ ਸੀ। ਕਹਿ ਦਿੱਤਾ, ਪੁੱਤ ਬਾਕੀ ਤਾਂ ਮੈਨੂੰ ਸਮਝ ਲੱਗ ਰਹੀ ਹੈ, ਪਰ ਪੁੱਤ ਮੈਨੂੰ ਇਹ ਨਹੀਂ ਪਤਾ ਲੱਗਿਆ ਜੋ ਤੂੰ ਭਾਈ ਭਤੀਜਾਵਾਦ ਤੇ ਆਹ ਰਾਜਨੀਤੀ ਵਾਲੀ ਗੱਲ ਲਿਖੀ ਏ ? ਮੈਂ ਕਿਹਾ ਬਾਬਾ ਦੇਖ ਤੂੰ ਸਾਨੂੰ ਰਾਤ ਨੂੰ ਕਿੰਨੀਆਂ ਬਾਤਾਂ ਸੁਣਾਉਂਦਾ ਹੁੰਦਾ ਸੀ। ਕਹਿੰਦਾ ਕਹਿੰਦਾ ਹਾਂ ਪੁੱਤ ਵੇਖ ਬਾਬਾ ਕਰੋਨਾ ਚੀਨ 'ਚੋਂ ਆਇਆ ਸਭ ਤੋਂ ਪਹਿਲਾਂ ਫਿਰ ਇਹ ਯੂਰਪ ਦੇ ਦੇਸ਼ਾਂ ਵਿੱਚ ਸਿੱਧਾ ਚਲਾ ਗਿਆ। ਬਾਬਾ ਹਾਲਾਂਕਿ ਪਹਿਲਾਂ ਤਾਂ ਇਹਨੇ ਆਪਣੇ ਆਂਢੀ - ਗੁਆਂਢੀ ਦੇਸ਼ਾਂ 'ਚ ਜਾਣਾ ਸੀ। ਦੇਸ਼ ਬਾਬਾ ਬਹੁਤੀ ਚੀਨ ਦੀ ਕੰਧ ਆ ਰੂਸ ਨਾਲ ਰੂਸ ਤੋਂ ਵੱਖ ਹੋਏ ਕੁਝ ਦੇਸ਼ਾਂ ਨਾਲ। ਉਥੇ ਨਹੀਂ , ਫਿਰ ਨੇਪਾਲ ਤੇ ਭੂਟਾਨ ਜੋ ਆਪਣੇ ਭਾਰਤ ਦੇ ਉਤਰ ਪੂਰਬ 'ਚ ਪੈਂਦੇ ਆ। ਉਥੇ ਇਕ ਵੀ ਕੇਸ ਸਾਹਮਣੇ ਨਹੀਂ ਆਇਆ।

ਹਾਲਾਂਕਿ ਦੋਨਾਂ ਦੇਸ਼ਾਂ ਦੀਆਂ ਘੱਟੋਂ ਘੱਟ 50 ਪ੍ਰਤੀਸ਼ਤ ਹੱਦਾ ਲੱਗਦੀਆਂ ਹਨ। ਦੇਖ ਬਾਬਾ ਫਿਰ ਅਫ਼ਗਾਨਿਸਤਾਨ ਵਿੱਚ ਕੋਈ ਦੇਸ਼ ਸਾਹਮਣੇ ਨਹੀਂ ਆਇਆ। ਉਹਦੇ ਨਾਲ ਵੀ ਤਿੱਬਤ ਵਾਲਾ ਪਾਸਾ ਜਿਹਾ ਲੱਗਦਾ । ਹੋਰ ਤਾਂ ਹੋਰ ਬਾਬਾ ਆਪਣੇ ਭਾਰਤ ਦਾ ਹੀ ਰਾਜ ਹੈ ਅਰੁਣਾਚਲ ਪ੍ਰਦੇਸ਼ (ਪੂਰਬ) 'ਚ ਜੀਹਦੇ ਕਰਕੇ ਚੀਨ ਕਿੰਨੇ ਵਾਲ ਭਾਰਤ ਨਾਲ ਤੂੰ-ਤੂੰ, ਮੈਂ ਮੈਂ ਕਰਦਾ ਰਹਿੰਦਾ ਹੈ ਤੇ ਆਪਣੀਆਂ ਸੈਨਿਕ ਟੁਕੜੀਆਂ ਮੱਲੋਂ ਮੱਲੀ ਇਧਰ ਲੈ ਆਉਂਦਾ ਹੈ। ਬੰਗਲਾ ਦੇਸ਼ ਉਹ ਵੀ ਉਹਦੇ ਕਿੰਨਾ ਨੇੜੇ ਹੈ। ਬਾਬਾ ਕੀ ਸਾਂਝ ਹੈ ਇਹਨਾਂ ਨਾਲ ਇਹਦੀ ? ਪਤਾ ਨਹੀਂ ਲੱਗ ਰਿਹਾ। ਮੇਰੀ ਸਮਝ 'ਚ ਨਹੀਂ ਆ ਰਿਹਾ। ਹਾਂ ਸੱਚ ਬਾਬਾ ਤੂੰ ਮੈਨੂੰ ਇਕ ਹੋਰ ਗੱਲ ਦੱਸ , ਤੈਨੂੰ ਤਾਂ ਉਪਰ ਬੈਠੇ ਨੂੰ ਪਤਾ ਹੀ ਹੋਵੇਗਾ। ਤੂੰ ਤਾਂ ਉਪਰ ਬੈਠਾ ਸਭ ਕੁਝ ਦੇਖ ਲੈਨਾ- ਬਈ ਪਹਿਲਾਂ ਦੋ ਤਿੰਨ ਸਾਲ ਹੋ ਗਏ ਇਕ ਸਵਾਈਨ ਫਲੂ ਵੀ ਆਇਆ ਸੀ। ਉਹ ਵੀ ਬੜਾ ਘਾਤਕ ਸੀ। ਉਹਨੇ ਵੀ ਭਾਰਤ ਵਿੱਚ ਦਸਤਕ ਦਿੱਤੀ ਸੀ। ਉਹ ਵੀ ਅੱਜ ਕੱਲ੍ਹ ਇਸੇ ਮੌਸਮ ਵਿੱਚ ਆਇਆ ਸੀ। ਬੀਬੀ ਉਹ ਫਲੂ ਵੀ ਭਾਰਤੀ ਡਾਕਟਰਾਂ ਨੇ ਦਿਨ ਰਾਤ ਇਕ ਕਰਕੇ ਭਜਾ ਦਿੱਤਾ ਸੀ। ਸ਼ੁੱਕਰ ਏ ਇਸ ਵਾਰ ਉਹ ਨਹੀਂ ਆਇਆ। ਮੌਸਮ ਵੀ ਉਹੀ ਆ ਤੇ ਬੰਦੇ ਵੀ ਉਹੀ ਨੇ। ਫਿਰ ਪਤਾ ਨਹੀਂ .। ਬਾਬਾ ਮੇਰੀ ਛੋਟੀ ਜਿਹੀ ਸਮਝ ਤੋਂ ਬਾਹਰ ਏ। ਤੂੰ ਹੀ ਦਸ ਇਹ ਕੀ ਹੋ ਰਿਹਾ ਹੈ ? ਬਾਬਾ, ਬਾਬਾ, ਬਾਬਾ ਬਾਬਾ ਹੱਸ ਕੇ ਉਹਲੇ ਹੋ ਗਿਆ। ਖ਼ਬਰਾਂ ਉਵੇਂ ਜਿਵੇਂ ਮੇਰੇ ਕੰਨਾਂ 'ਚ ਪੈ ਰਹੀਆਂ ਨੇ ਕਿ ਕਰੋਨਾ ਨਾਲ ਮਰੀਜ਼ਾਂ ਦੀ ਗਿਣਤੀ ਵਿੱਚ ਇਜ਼ਾਫ਼ਾ ਹੋਇਆ ਹੈ। ਪੰਜਾਬ ਵਿੱਚ ਕੱਤੀ ਮਾਰਚ ਤੱਕ ਲਾਕਡਾਊਨ । ਪ੍ਰਸ਼ਾਸਨ ਦੇ ਅਧਿਕਾਰੀ ਤੇ ਡਾਕਟਰ ਲੋਕਾਂ ਨੂੰ ਘਰਾਂ 'ਚ ਹੀ ਰਹਿਣ ਦੀ ਤੇ ਆਪਣੀ ਸੁਰੱਖਿਆ ਆਪ ਕਰਨ ਦੀ ਕਰ ਰਹੇ ਨੇ ਅਪੀਲ।

ਮੈਂ ਵੀ ਭਾਰਤ ਦੀ ਇੱਕ ਜ਼ੁੰਮੇਵਾਰ ਨਾਗਰਿਕ ਹੋਣ ਦੇ ਨਾਤੇ ਸਾਰੇ ਪੰਜਾਬੀਆਂ ਦੇ ਤੇ ਦੇਸ਼ ਵਾਸੀਆਂ ਨੂੰ ਗੁਜ਼ਾਇਸ਼ ਕਰਦੀ ਹਾਂ ਕਿ ਆਪਣੀ ਰੱਖਿਆ ਆਪ ਕਰੋ। ਬਾਹਰ ਨਾ ਜਾਵੋ। ਘਰ ਅੰਦਰ ਹੀ ਰਹੋ। ਸਫ਼ਾਈ ਰੱਖੋਂ। ਵੱਡੀ ਗੱਲ ਹਿੰਮਤ ਤੇ ਹੌਂਸਲੇ ਨਾਲ ਰਹੋ। ਮੁਸੀਬਤ ਦਾ ਡਟ ਕੇ ਟਾਕਰਾ ਕਰੋ। ਡਾਕਟਰਾਂ ਦੇ ਮਾਹਰਾਂ ਦੇ ਦਿੱਤੇ ਦਿਸ਼ਾ ਨਿਰਦੇਸ਼ਾਂ ਦਾ ਪਾਲਣ ਕਰੋ। ਜਿੱਤ ਸਾਡੀ ਹੀ ਹੋਵੇਗੀ। ਪੰਜਾਬੀ ਕਦੇ ਹਾਰਨਾ ਨਹੀਂ ਸਿੱਖੇ । ਕਿਸੇ ਸ਼ਾਇਰ ਨੇ ਬੜੇ ਸੋਹਣਾ ਲਿਖਿਆ ਏ.. ਖ਼ੁਆਬ ਜਿਨਕੇ ਊਚੇ ਔਰ ਮਸਤ ਹੋਤੇ ਹੈ ਇਮਤਿਹਾਨ ਭੀ ਉਨਕੇ ਜ਼ਬਰਦਸਤ ਹੋਤੇ ਹੈ।

**ਲੇਖਿਕਾ : ਅੰਮ੍ਰਿਤਪਾਲ ਕੌਰ,**
**9915780980**

# ਕੇਂਦਰ ਦੀ ਹਾਰ ਵਿਚ ਹੀ ਪੰਜਾਬ ਦੀ ਜਿੱਤ ਹੈ

ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਇੱਕ ਵਾਰ ਫਿਰ ਤੋਂ 'ਚਰਚਾ' ਵਿਚ ਹੈ। 'ਚਰਚਾ' ਨਾਲੋਂ ਜੇ ਇਸ ਨੂੰ ਪ੍ਰਗਟ ਹੋਇਆ ਕਹਿ ਲਿਆ ਜਾਵੇ ਤਾਂ ਕੋਈ ਓਪਰੀ ਗੱਲ ਨਹੀਂ ਹੋਵੇਗੀ, ਕਿਉਂਕਿ ਇੱਕ ਮਹੀਨਾ ਖਬਰਾਂ 'ਚ ਰਹਿ ਕੇ ਦੋ-ਤਿੰਨ ਮਹੀਨੇ ਲਈ ਜਾਂ ਇੱਕ ਹਫਤਾ ਦਿਖਾਈ ਦੇ ਕੇ ਮਹੀਨੇ ਲਈ ਗਾਇਬ ਹੋ ਜਾਣਾ ਸਿੱਧੂ ਲਈ ਆਮ ਗੱਲ ਹੈ। ਸਿੱਧੂ ਭਾਜਪਾ ਤੋਂ ਕਾਂਗਰਸ ਵਿਚ ਆਇਆ, ਪਰ ਉਸ ਦਾ ਜੀਅ ਹੁਣ ਕਾਂਗਰਸ ਵਿਚ ਵੀ ਨਹੀਂ ਲਗਦਾ। ਕੁਝ ਕਰ ਗੁਜ਼ਰਨ ਲਈ ਮੰਤਰੀ ਦਾ ਅਹੁਦਾ ਕੋਈ ਛੋਟਾ ਅਹੁਦਾ ਨਹੀਂ ਹੁੰਦਾ, ਪਰ ਸਿੱਧੂ ਸਿੱਧਾ ਆਖਰੀ ਡੰਡੇ ਨੂੰ ਹੱਥ ਪਾ ਕੇ ਮੁੱਖ ਮੰਤਰੀ ਵਾਲੀ ਕੁਰਸੀ 'ਤੇ ਕਬਜ਼ਾ ਕਰਨਾ ਚਾਹੁੰਦੈ। ਮੁੱਖ ਮੰਤਰੀ ਬਣਨ ਦਾ ਖਾਬ ਦੇਖਣਾ ਕੋਈ ਮਾੜੀ ਗੱਲ ਨਹੀਂ, ਕੋਸ਼ਿਸ਼ ਨਾਲ ਹੀ ਬੰਦਾ ਮੰਜ਼ਿਲ 'ਤੇ ਅੱਪੜਦਾ ਹੈ। ਇਸੇ ਕੋਸ਼ਿਸ਼ ਵਿਚ ਹੀ ਉਹ ਕਦੇ ਪੰਜਾਬ ਦੇ ਆਗੂਆਂ ਨਾਲ ਗੰਢ-ਸੰਢ ਦੀ ਕੋਸ਼ਿਸ਼ ਕਰਦਾ ਹੈ ਤੇ ਕਦੇ ਦਿੱਲੀ ਪਹੁੰਚ 'ਵੱਡੇ ਘਰ ਵਾਲਿਆਂ' ਕੋਲ ਕੈਪਟਨ ਦੀਆਂ ਸ਼ਿਕਾਇਤਾਂ ਲਾਉਂਦਾ ਹੈ। ਦਿੱਲੀ ਤੋਂ ਗਿੱਦੜ ਪਰਚੀ ਮਿਲਦਿਆਂ ਹੀ ਉਹ ਪੰਜਾਬ ਆ ਕੇ ਫੇਰ ਮੀਡੀਏ ਅੱਗੇ ਪ੍ਰਗਟ ਹੋ ਜਾਂਦਾ ਹੈ। ਕੁਝ ਦਿਨ ਦੇ ਮਨੋਰੰਜਨ ਅਤੇ ਡਾਇਲਾਗਬਾਜ਼ੀ ਪਿਛੋਂ ਉਹ ਮੁੜ ਅਲੋਪ ਹੋ ਜਾਂਦਾ ਹੈ। ਵਿਧਾਨ ਸਭਾ ਵਿਚ ਉਹ ਲੋਕਾਂ ਦੀ ਨੁਮਾਇੰਦਗੀ ਕਦੋਂ ਕਰਦਾ ਹੈ ? ਉਹੀ ਜਾਣੇ !

ਕਈ ਹਫਤਿਆਂ ਦੀ ਚੁੱਪ ਪਿਛੋਂ ਸਿੱਧੂ ਫਿਰ 'ਪ੍ਰਗਟ' ਹੋਇਆ ਹੈ, ਬਿਲਕੁਲ ਨਵੇਂ ਅੰਦਾਜ਼ ਵਿਚ। ਇਸ ਵਾਰ ਉਸ ਨੇ 'ਜਿੱਤੇਗਾ ਪੰਜਾਬ' ਨਾਂ ਦੀ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ ਤੇ ਯੂ ਟਿਊਬ ਚੈਨਲ ਵੀ ਬਣਾਇਆ ਹੈ। ਇਸੇ ਸਬੰਧੀ ਉਸ ਨੇ ਦੋ ਛੋਟੀਆਂ ਵੀਡੀਓਜ਼ ਵੀ ਬਣਾਈਆਂ ਹਨ। ਦੂਜੀ ਵੀਡੀਓ ਵਿਚ ਉਹ ਆਪਣੀ ਇਸ ਮੁਹਿੰਮ ਨੂੰ 'ਧਰਮ ਯੁੱਧ' ਦਾ ਨਾਂ ਦਿੰਦਾ ਹੈ ਤੇ ਖਾਸ ਗੱਲ ਇਹ ਕਿ ਉਹ ਧਰਮਾਂ 'ਚੋਂ ਸਭ ਤੋਂ ਵੱਡਾ ਧਰਮ 'ਰਾਸ਼ਟਰ ਧਰਮ' ਨੂੰ ਦੱਸਦਾ ਹੈ। ਆਪਣੇ ਸੰਦੇਸ਼ ਵਿਚ ਉਹ ਦਰਬਾਰ ਸਾਹਿਬ ਅਤੇ ਜੁਗੋ ਜੁੱਗ ਅਟੱਲ ਬੁੰਗਿਆਂ ਦੀ ਗੱਲ ਵੀ ਕਰਦਾ ਹੈ ਤੇ ਪੰਜਾਬ ਨੂੰ ਕਰਜ਼ਾ ਮੁਕਤ ਕਰਨ ਦੀ ਵੀ। ਅੱਗੇ ਬੋਲਦਿਆਂ ਉਹ ਪੰਜਾਬੀਆਂ ਵਲੋਂ ਪੰਜਾਬ ਦੇ ਹੱਕਾਂ ਲਈ ਲੜੀ ਲੜਾਈ (ਧਰਮ ਯੁੱਧ) ਨੂੰ ਸਿਰਫ ਅਤਿਵਾਦ ਤੱਕ ਸੀਮਤ ਕਰ ਦਿੰਦਾ ਹੈ।

ਕੁਝ ਹੋਰ ਗੱਲਾਂ ਤੋਂ ਇਲਾਵਾ ਆਪਣੀ ਗੱਲ ਨੂੰ ਹੋਰ ਵਜ਼ਨਦਾਰ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਉਹ ਆਪਣੇ ਰਵਾਇਤੀ ਅੰਦਾਜ਼ ਵਿਚ ਕੁਝ ਸ਼ੇਅਰ ਵੀ ਸਾਂਝੇ ਕਰਦਾ ਹੈ, ਪਰ ਇੱਥੇ ਸਭ ਤੋਂ ਵੱਧ ਧਿਆਨ ਦੇਣ ਵਾਲੀ ਗੱਲ ਉਹਦਾ 'ਰਾਸ਼ਟਰ ਧਰਮ' ਹੈ। ਸਿੱਧੂ ਭਾਜਪਾ ਜਿਹੀ ਐਲਾਨੀਆ ਹਿੰਦੂ ਰਾਸ਼ਟਰਵਾਦੀ ਪਾਰਟੀ ਦਾ ਇੱਕ ਅਹਿਮ ਅੰਗ ਰਿਹਾ ਹੈ। ਫਿਰ ਕਾਂਗਰਸ ਵਿਚ ਆ ਗਿਆ। ਹੁਣ ਜੇ ਉਹ ਭਾਜਪਾ ਅਤੇ ਕਾਂਗਰਸ ਨੂੰ ਛੱਡ ਕੇ ਪੰਜਾਬ ਨੂੰ ਜਿਤਾਉਣ ਜਿਹਾ ਕੋਈ ਸੁਪਨਾ ਪੰਜਾਬ ਨੂੰ ਦਿਖਾਉਣਾ ਚਾਹੁੰਦਾ ਹੈ ਤਾਂ ਸਵਾਲ ਹੈ ਕਿ 'ਰਾਸ਼ਟਰ ਧਰਮ' ਨੂੰ ਅੱਗੇ ਰੱਖ ਕੇ ਉਹ ਪੰਜਾਬ ਨੂੰ ਕਿਵੇਂ ਜਿਤਾ ਸਕਦਾ ਹੈ ?

ਪੰਜਾਬ ਨੂੰ ਜਿਤਾਉਣ ਲਈ ਕੇਂਦਰ ਕੋਲੋਂ ਵੱਧ ਹੱਕ ਲੈ ਕੇ ਕੇਂਦਰ ਦੀ ਅਧੀਨਗੀ ਹੇਠੋਂ ਨਿਕਲਣਾ ਪਵੇਗਾ, ਨਹੀਂ ਤਾਂ ਰਾਸ਼ਟਰੀ ਏਜੰਡੇ ਤਹਿਤ ਬਹੁਤ ਸਾਰੇ ਸਮਝੌਤੇ ਕਰਨੇ ਪੈਣਗੇ, ਜਿਨ੍ਹਾਂ ਤਹਿਤ ਪੰਜਾਬ ਦੇ ਬਣਦੇ ਹੱਕ ਖੋਹੇ ਜਾ ਸਕਦੇ ਹਨ। ਜੇ ਪੰਜਾਬ ਨੂੰ ਉਸ ਦਾ ਬਣਦਾ ਹੱਕ ਨਹੀਂ ਮਿਲਦਾ ਤਾਂ ਪੰਜਾਬ ਹਾਰ ਜਾਵੇਗਾ। ਪੰਜਾਬ ਨੂੰ ਸਿਰਫ ਉਸ ਦੇ ਹੱਕ ਦਿਵਾ ਕੇ ਹੀ ਜਿਤਾਇਆ ਜਾ ਸਕਦਾ ਹੈ। ਸਿੱਧੂ ਨੂੰ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਉਹ 'ਰਾਸ਼ਟਰ ਧਰਮ' ਦੇ ਏਜੰਡੇ ਨੂੰ ਮੁੱਖ ਰੱਖ ਕੇ ਪੰਜਾਬ ਨੂੰ ਕਿਵੇਂ ਜਿਤਾਵੇਗਾ ? ਇਹ ਦੋਵੇਂ ਆਪਾ ਵਿਰੋਧੀ ਗੱਲਾਂ ਨਾਲੋਂ ਨਾਲ ਨਹੀਂ ਚੱਲ ਸਕਦੀਆਂ।

ਸਿੱਧੂ ਦੀ ਮਾਂ ਪਾਰਟੀ ਭਾਜਪਾ ਵੀ ਰਾਸ਼ਟਰਵਾਦ ਦੀ ਝੰਡਾ ਬਰਦਾਰ ਹੈ ਤੇ ਮਾਸੀ ਕਾਂਗਰਸ ਵੀ। ਇੱਥੇ ਇਹ ਸਪਸ਼ਟ ਕਰਨਾ ਵੀ ਬਹੁਤ ਜ਼ਰੂਰੀ ਹੈ ਕਿ ਭਾਰਤੀ ਰਾਸ਼ਟਰਵਾਦ (ਨੈਸ਼ਨਲਇਜ਼ਮ) ਅਸਲ ਵਿਚ ਹਿੰਦੂਵਾਦ (ਹਿੰਦੂਇਜ਼ਮ) ਹੀ ਹੈ। ਕੀ ਸਿੱਧੂ ਪੰਜਾਬ ਨੂੰ ਹਿੰਦੂਵਾਦ ਦੇ ਪੇਟੇ ਪਾਉਣਾ ਚਾਹੁੰਦਾ ਹੈ ? ਜਿਹਾ ਕਿ ਆਰ. ਐਸ਼ ਐਸ਼ ਦਾ ਐਲਾਨੀਆ ਏਜੰਡਾ ਹੈ। ਇੱਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਸਿੱਧੂ ਦਸਤਾਰਧਾਰੀ ਹੋਣ ਦੇ ਬਾਵਜੂਦ ਹਿੰਦੂ ਰਹੁਰੀਤਾਂ ਅਨੁਸਾਰ ਕਰਮਕਾਂਡ ਕਰਦਾ ਹੈ ਤੇ ਜੰਜੂ ਵੀ ਪਹਿਨਦਾ ਹੈ, ਜੋ ਸਿੱਖੀ ਦੇ ਮੁਢਲੇ ਸਿਧਾਂਤਾਂ ਦੀ ਖਿੱਲੀ ਉਡਾਉਣ ਦੇ ਤੁਲ ਹੈ। ਜੇ ਉਹ ਪੰਜਾਬ ਨੂੰ ਜਿਤਾਉਣ ਦੇ ਨਾਂ ਉਤੇ ਪੰਜਾਬ ਨੂੰ ਰਾਸ਼ਟਰਵਾਦ ਦਾ ਪਾਠ ਪੜ੍ਹਾ ਕੇ ਹਿੰਦੂਵਾਦ ਦੇ ਪੇਟੇ ਪਾਉਣਾ ਚਾਹੁੰਦਾ ਹੈ ਤਾਂ ਯਕੀਨਨ ਇਹ ਧੋਖਾ ਹੈ ਤੇ ਅਜਿਹਾ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਛਲੇ ਲੰਮੇ ਸਮੇਂ ਤੋਂ ਰਵਾਇਤੀ ਪਾਰਟੀਆਂ-ਅਕਾਲੀ ਦਲ ਤੇ ਕਾਂਗਰਸ ਹੱਥੋਂ ਲੁੱਟੇ ਤੇ ਕੁੱਟੇ ਜਾ ਰਹੇ ਲੋਕ ਇਨ੍ਹਾਂ ਤੋਂ ਕਿਸੇ ਵੀ ਕੀਮਤ 'ਤੇ ਨਿਜਾਤ ਪਾਉਣੀ ਚਾਹੁੰਦੇ ਹਨ। ਕੋਈ ਸ਼ੱਕ ਨਹੀਂ ਕਿ ਸਿੱਧੂ ਅੱਜ ਪੰਜਾਬੀਆਂ ਦਾ ਹਰਮਨ ਪਿਆਰਾ ਨੇਤਾ ਹੈ, ਪਰ ਉਸ ਵਲੋਂ ਲੈ ਕੇ ਦਿੱਤੀਆਂ ਜਾਣ ਵਾਲੀਆਂ ਕੁਝ ਰਿਆਇਤਾਂ ਲਈ ਕੀ ਲੋਕ ਆਪਣੀ 'ਹੋਂਦ' ਦਾਅ 'ਤੇ ਲਾਉਣ ਲਈ ਤਿਆਰ ਹਨ ? ਕੇਂਦਰੀ ਰਾਸ਼ਟਰਵਾਦੀ ਪਾਰਟੀਆਂ ਦੇ ਇੱਕ ਛੋਟੇ ਜਿਹੇ ਪਿਆਦੇ 'ਤੇ ਇੰਨਾ ਯਕੀਨ ਕਿ ਉਹ ਤੁਹਾਡੇ ਸਾਰੇ ਦੁੱਖ ਹਰ ਲਵੇਗਾ, ਜੂਆ ਨਹੀਂ ਤਾਂ ਹੋਰ ਕੀ ਹੈ ?

ਸਿੱਧੂ ਭਾਵੇਂ ਆਪਣੇ ਆਪ ਨੂੰ ਪੰਜਾਬ ਦਾ ਰਹਿਬਰ ਸਮਝਣ ਦਾ ਭਰਮ ਪਾਲੀ ਬੈਠਾ ਹੈ, ਪਰ ਅਸਲੀਅਤ ਇਹ ਹੈ ਕਿ ਉਹਦੀ ਹੈਸੀਅਤ ਗਮਲੇ ਵਿਚ ਉਗੇ ਬੂਟੇ ਜਿੱਡੀ ਹੈ। ਗਮਲੇ ਦਾ ਬੂਟਾ ਧਰਤੀ 'ਤੇ ਉਗੇ ਬੋਹੜ ਜਿੰਨੀ ਛਾਂ ਨਾ ਕਦੇ ਕਰ ਸਕਦਾ ਹੈ, ਨਾ ਸੰਭਵ ਹੈ। ਹਾਂ ! ਕੁਝ ਫੁੱਲ ਜਾਂ ਕਲੀਆਂ ਜ਼ਰੂਰ ਪੈਦਾ ਕਰ ਸਕਦਾ ਹੈ, ਜੋ ਸਵੇਰੇ ਖਿੜ ਕੇ ਸ਼ਾਮ ਨੂੰ ਮੁਰਝਾ ਜਾਂਦੀਆਂ ਹਨ।

ਸਿੱਧੂ ਪੰਜਾਬ ਦੇ ਕਿਸੇ ਬੁਨਿਆਦੀ ਮਸਲੇ ਬਾਰੇ ਕਦੇ ਵੀ ਖੁੱਲ੍ਹ ਕੇ ਨਹੀਂ ਬੋਲਿਆ, ਜਿਸ ਤੋਂ ਇਹ ਤੈਅ ਹੋ ਸਕੇ ਕਿ ਉਸ ਵਿਚ ਲੀਡਰਾਂ ਵਾਲਾ ਕੋਈ ਗੁਣ ਹੈ ਵੀ ਕਿ ਨਹੀਂ ? ਹੁਣ ਤੱਕ ਸਿੱਧੂ ਦਾ ਕਿਰਦਾਰ ਇੱਕ ਅਜਿਹੇ ਪ੍ਰਚਾਰਕ ਵਾਲਾ ਹੀ ਰਿਹਾ ਹੈ, ਜੋ ਸਿਰਫ ਚੁਟਕਲਿਆਂ ਜਿਹੀਆਂ ਤੇ ਮਜ਼ਾਹੀਆ ਕਿਸਮ ਦੀਆਂ ਗੱਲਾਂ ਨਾਲ ਲੋਕਾਂ ਦੀਆਂ ਤਾੜੀਆਂ ਬਟੋਰਨ ਵਿਚ ਕਾਮਯਾਬ ਹੋ ਜਾਂਦਾ ਹੈ। ਉਸ ਦਾ ਕਿਰਦਾਰ ਇੱਕ ਮਸਖਰੇ ਵਾਲਾ ਬਣ ਚੁਕਾ ਹੈ ਤੇ ਲੋਕ ਉਸ ਦੇ ਚੁਟਕਲੇ ਸੁਣ ਕੇ ਖੁਸ਼ ਹੁੰਦੇ ਹਨ। ਭਾਜਪਾ ਵਿਚ ਰਹਿੰਦਿਆਂ ਜਿਸ ਕਾਂਗਰਸ ਨੂੰ ਉਹ 'ਮੁੰਨੀ ਤੋਂ ਵੀ ਵੱਧ ਬਦਨਾਮ' ਹੋ ਗਈ ਦੱਸਦਾ ਸੀ, ਭਾਜਪਾ ਨਾਲ ਵਿਗੜ ਜਾਣ ਪਿੱਛੋਂ ਆਪਣਾ ਥੁੱਕਿਆ ਚੱਟ ਕੇ ਉਸੇ ਹੀ ਕਾਂਗਰਸ ਵਿਚ ਸ਼ਾਮਿਲ ਹੋ ਕੇ ਉਸ ਨੇ ਆਪਣੀ ਮਾਂ ਪਾਰਟੀ ਦੇ ਨੇਤਾਵਾਂ ਦਾ ਰੱਜ ਕੇ ਮਜ਼ਾਕ ਉਡਾਇਆ।

'ਧਰਮ ਯੁੱਧ' ਜਿਹਾ ਪਵਿੱਤਰ ਤੇ ਮਹਾਨ ਕਾਰਜ ਸ਼ੁਰੂ ਕਰਨ ਦਾ ਹੋਕਾ ਦੇਣ ਵਾਲਾ ਸਿੱਧੂ ਕੀ ਅਕਾਲੀਆਂ ਵਲੋਂ ਚਲਾਏ ਧਰਮ ਯੁੱਧ ਮੋਰਚੇ ਤੋਂ ਵਾਕਿਫ ਹੈ ? ਕੀ ਸਿੱਧੂ ਨੇ ਅਨੰਦਪੁਰ ਸਾਹਿਬ ਦਾ ਮਤਾ ਪੜ੍ਹਿਆ ਹੈ ? ਜੇ ਪੜ੍ਹਿਆ ਹੈ ਤਾਂ ਕੀ ਉਹ ਉਸ ਨਾਲ ਸਹਿਮਤ ਹੈ ? ਅਨੰਦਪੁਰ ਸਾਹਿਬ ਦੇ ਮਤੇ ਵਿਚਲੀਆਂ ਸਾਰੀਆਂ ਮੰਗਾਂ ਅੱਜ ਵੀ ਪੰਜਾਬ ਨੂੰ ਜਿਤਾਉਣ ਦਾ ਰਾਹ ਦਸੇਰਾ ਬਣ ਸਕਦੀਆਂ ਹਨ। ਅੱਜ ਪੰਜਾਬ ਨੂੰ ਪੈਰਾਂ ਸਿਰ ਕਰਨ ਲਈ ਸੈਂਕੜੇ ਸਮੱਸਿਆਵਾਂ ਵਿਚੋਂ ਆਹ ਕੁਝ ਮੁਢਲੀਆਂ ਸਮੱਸਿਆਵਾਂ ਨੂੰ ਫੌਰੀ ਹੱਲ ਕਰਨਾ ਅਤਿ ਜ਼ਰੂਰੀ ਹੈ,

ਕੀ ਇਹ ਸਾਰਾ ਕੁਝ ਸਿੱਧੂ ਦੇ ਏਜੰਡੇ ਵਿਚ ਸ਼ਾਮਿਲ ਹੈ ? ਸਿੱਧੂ ਨੂੰ ਚਾਹੀਦਾ ਹੈ ਕਿ ਉਹ ਅਨੰਦਪੁਰ ਸਾਹਿਬ ਦੇ ਮਤੇ ਅਤੇ ਆਪਣੇ 'ਰਾਸ਼ਟਰਵਾਦੀ ਧਰਮ ਯੁੱਧ' ਵਿਚਲਾ ਫਰਕ ਪੰਜਾਬੀਆਂ ਨੂੰ ਖੁੱਲ੍ਹ ਕੇ ਸਮਝਾਵੇ। ਹੱਕ ਲੈ ਕੇ ਦੇਣ ਤੇ ਪੰਜਾਬ ਨੂੰ ਜਿਤਾਉਣ ਲਈ ਅਕਾਲੀਆਂ ਨੂੰ ਸਰਕਾਰ ਖਿਲਾਫ ਧਰਮ ਯੁੱਧ ਮੋਰਚੇ ਵਿਚ ਲੱਖਾਂ ਗ੍ਰਿਫਤਾਰੀਆਂ ਤੇ ਹਜ਼ਾਰਾਂ ਸ਼ਹਾਦਤਾਂ ਦੇਣੀਆਂ ਪਈਆਂ। ਮੋਰਚੇ ਨੂੰ ਫੇਲ੍ਹ ਕਰਨ ਤੇ ਪੰਜਾਬ ਨੂੰ ਹਰਾਉਣ ਲਈ ਸਰਕਾਰ ਨੇ ਆਪਣੀ ਸਾਰੀ ਤਾਕਤ ਲਾ ਦਿੱਤੀ ਅਤੇ ਮੋਰਚੇ ਨੂੰ ਦੇਸ਼ ਧ੍ਰੋਹੀ ਤੇ ਵੱਖਵਾਦੀ ਕਹਿ ਕੇ ਲੱਖਾਂ ਸਿੱਖਾਂ ਦਾ ਖ਼ੂਨ ਵਹਾਇਆ, ਮੋਰਚੇ ਨੂੰ ਕਾਮਯਾਬ ਨਾ ਹੋਣ ਦਿੱਤਾ। ਇੱਕ ਗੱਲ ਪੱਥਰ 'ਤੇ ਲਕੀਰ ਹੈ ਕਿ ਕੇਂਦਰ ਨੂੰ ਹਰਾਏ ਬਿਨਾ ਪੰਜਾਬ ਨੂੰ ਜਿਤਾਇਆ ਨਹੀਂ ਜਾ ਸਕਦਾ। ਕੀ ਸਿੱਧੂ ਇਸ ਹਕੀਕਤ ਤੋਂ ਵਾਕਿਫ ਹੈ ? ਕੀ ਸਿੱਧੂ ਕੇਂਦਰ ਨੂੰ ਹਰਾ ਕੇ ਪੰਜਾਬ ਨੂੰ ਜਿਤਾਉਣ ਦਾ ਮਾਦਾ ਰੱਖਦਾ ਹੈ ? ਇਹਦਾ ਖੁਲਾਸਾ ਪੰਜਾਬੀਆਂ ਨੂੰ ਸਿੱਧੂ ਕੋਲੋਂ ਮੰਗਣਾ ਹੀ ਪਵੇਗਾ। ਜਿੱਤ ਹਾਰ ਦੀ ਲੜਾਈ ਵਿਚ ਕਈ ਵਾਰ ਆਪਣੀ ਜਾਨ ਵੀ ਦਾਅ 'ਤੇ ਲਾਉਣੀ ਪੈਂਦੀ ਹੈ। ਕੀ ਸਿੱਧੂ ਸੱਚਮੁੱਚ ਪੰਜਾਬ ਲਈ ਮਰ ਸਕਦਾ ਜਾਂ ਕੋਈ ਕੁਰਬਾਨੀ ਕਰ ਸਕਦਾ ਹੈ ?

Thinking of Buying/Selling ?

WIN ZONE Realty Inc.

WIN ZONE REALTY INC.



Baldev Singh

Associate Broker/Notary Public

146-20 34 av. Flushing NY 11354

Cell : 917-224-7395

Email : josanbaldev@yahoo.com

Nlight Financial

# Insurance



Are you paying too much for Auto, Home, Business, Workman Compensation, Contractors, General Liability, E&O ?

Call us today for complimentary analysis of your policy.

## NLight Financial LLC



Sharanjit Singh Thind
Licensed Insurance Broker/ Notary Public
(Service with Honesty & Smile, Since 2012)

1900, Hempstead Tpke., Suite 306
East Meadow, New York 11554
Cell: 917 612 3158 Tel Fax: 516 246 9022
Email: info@nlightfin.com
www.nlightfin.com


Delivering News,
Uncomprimised
& Unbiased for the
Last 16 years
Some Call us a Media House, others Call us an Institution to learn from
ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
Punjabi Duniya
Since April 2005
Punjabi Duniya.Com LLC
Email : punjabiduniya@gmail.com, Web : www.punjabiduniya.com
The South Asian
INSIDER
Published Weekly from New York
Regd. & Mailing Office : P.O. Box 7005, Hicsville New York 11801
www.thesouthasianinfo, www.joshindiatv.com wwwpunjabiduniya.com
Phone : 917-612-3158

**LAURA CURRAN**
NASSAU COUNTY EXECUTIVE

NASSAU COUNTY · STATE OF NEW YORK

**DR. LAWRENCE EISENSTEIN**
COMMISSIONER
DEPARTMENT OF HEALTH

# STOP THE SPREAD OF GERMS

## Help prevent the spread of respiratory viruses like

# NOVEL CORONAVIRUS



**Wash your hands often with soap and water for at least 20 seconds.**




**Cover your cough or sneeze with a tissue, then throw it in the trash.**



**Avoid touching your eyes, nose and mouth.**



**Stay home when you are sick, except to get medical care.**



**Clean and disinfect frequently touched objects and surfaces.**



**Avoid close contact with people who are sick.**

If you have any questions, please call the
**NYS CORONAVIRUS HOTLINE 888-364-3065**
or call
**NASSAU COUNTY CORONAVIRUS CALL CENTER 516-227-9570**

**Nassau County Department of Health • 200 County Seat Drive, Mineola**

NCPG